# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

ਅੰਕ 7 ਸਾਲ ਸੱਤਵਾਂ ਜੁਲਾਈ, 1995

## ਰਾਗ ਨਾਦ ਸਬਦਿ ਸੋਹਣੇ



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 772660

# ਅੰਮ੍ਰਿਤ ਕੀਰਤਨ


ਅੰਕ 7 ਸਾਲ ਸੱਤਵਾਂ ਜੁਲਾਈ, 1995



**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ



**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ–160 015
ਫੋਨ : 772660



**ਚੰਦੇ ਦਾ ਵੇਰਵਾ**
ਇਕ ਕਾਪੀ 10 ਰਪਏ
ਦੇਸ਼ ਸਲਾਨਾ 100 ਰੁਪਏ
ਜੀਵਨ ਮੈਂਬਰ 1000 ਰੁਪਏ
ਵਿਦੇਸ਼ ਸਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ



1] ਕੀਰਤਨ ਦੇ ਰਸੀਏ ਸਰਦਾਰ ਦਵਿੰਦਰ ਸਿੰਘ ਅਕਾਸ਼ ਬਾਣੀ ਵਾਲੇ 1
—ਹਰਜਾਪ ਸਿੰਘ

2] ਭਾਈ ਮਰਦਾਨਾ ਜੀ 12
— ਹਰਬੰਸ ਕੌਰ

3] ਪੰਜਾਬ 13
— ਹਰਬੰਸ ਕੌਰ

4] ਰਾਗੀ ਭਾਈ ਇੰਦਰ ਸਿੰਘ ਗੁਜਰਾਂਵਾਲੇ 14
—ਤੀਰਥ ਸਿੰਘ

5] ਪੁਸਤਕ ਸਮੀਖਿਆ 16

6] ਰਾਗ ਧਨਾਸਰੀ 18
—ਪ੍ਰਿ. ਦਿਆਲ ਸਿੰਘ


**'ਅੰਮ੍ਰਿਤ ਕੀਰਤਨ' ਲਈ ਚੈਕ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜ ਜਾਣ ਜੀ।**

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ।

# ਕੀਰਤਨ ਦੇ ਰਸੀਏ ਸਰਦਾਰ ਦਵਿੰਦਰ ਸਿੰਘ ਅਕਾਸ਼ ਬਾਣੀ ਵਾਲੇ

—ਹਰਜਾਪ ਸਿੰਘ

ਇਤਿਹਾਸ ਵਿਚ ਬੜੀਆਂ ਹੀ ਘੱਟ ਅਜਿਹੀਆਂ ਸ਼ਖਸੀਅਤਾਂ ਹੋਈਆਂ ਹਨ ਜੋ ਸਰਕਾਰ ਦੀ ਨੌਕਰੀ ਕਰਦੀਆਂ ਹੋਈਆਂ ਵੀ ਸਿੱਖੀ ਦੀ ਸੇਵਾ ਸੱਚੇ ਦਿਲੋਂ ਕਰਦੀਆਂ ਰਹੀਆਂ ਹਨ ਜਿਸ ਤਰ੍ਹਾਂ ਦੀਆਂ ਸ਼ਖਸੀਅਤਾਂ ਵਿਚ ਮਰਹੂਮ ਸਰਦਾਰ ਜੋਧ ਸਿੰਘ ਅਤੇ ਅਕਾਸ਼ਬਾਣੀ ਦੇ ਸੇਵਾ ਮੁਕਤ ਅਧਿਕਾਰੀ ਸਰਦਾਰ ਦਵਿੰਦਰ ਸਿੰਘ ਸ਼ਾਮਲ ਹਨ। ਸਰਦਾਰ ਜੋਧ ਸਿੰਘ ਹੋਰਾਂ ਦੀ ਯਾਦ ਨੂੰ ਸਮਰਪਿਤ ਇਕ ਲੇਖ ਇਹ ਲਖਕ ਪਹਿਲਾਂ ਹੀ ਕਲਮਾ ਚੁੱਕਆ ਹੈ। ਇਸ ਲੇਖ ਵਿਚ ਸਰਦਾਰ ਦਵਿੰਦਰ ਸਿੰਘ ਹੋਰਾਂ ਬਾਰੇ ਤਜ਼ਕਿਰਾ ਹੈ।

ਜੇ ਪੰਜਾਬੀ ਦਾ ਕੋਈ ਪਰਸਾਰਨ ਕਰਤਾ ਆਪਣੇ ਕਿੱਤੇ ਦੀਆਂ ਬਾਰੀਕੀਆਂ ਤੇ ਪੂਰਾ ਉਤਰਦਾ ਹੈ ਤਾਂ ਉਹ ਹੈ ਸਰਦਾਰ ਦਵਿੰਦਰ ਸਿੰਘ। ਸਰਦਾਰ ਦਵਿੰਦਰ ਸਿੰਘ ਜਦੋਂ ਪੰਜਾਬੀ ਦੇ ਕੁਝ ਸ਼ਬਦ ਬੋਲਦੇ ਹਨ ਤਾਂ ਇਝ ਜਾਪਦਾ ਹੈ ਜਿਵੇਂ ਉਨ੍ਹਾਂ ਦੇ ਮੂਹੋਂ ਪੁਸ਼ਪ ਵਰਖਾ ਹੋ ਰਹੀ ਹੁੰਦੀ ਹੈ। ਐਨੀ ਮਿੱਠੀ ਪੰਜਾਬੀ ਮੈਂ ਉਮਰ ਭਰ ਵਿਚ ਕਿਸੇ ਹੋਰ ਦੇ ਮੂਹੋਂ ਨਹੀਂ ਸੁਣੀ।

ਪੰਜਾਬੀ ਬੋਲੀ ਦੇ ਸੰਬੰਧ ਵਿਚ ਆਮ ਰਾਏ ਹੈ ਕਿ ਪੰਜਾਬੀ ਬੋਲੀ ਹਰ ਦਸ ਮੀਲ ਤੇ ਜਾ ਕੇ ਬਦਲਦੀ ਹੈ। ਜੇ ਇੰਝ ਹੀ ਸਮਝ ਲਈਏ ਤਾਂ ਪੰਜਾਬੀ ਦੀਆਂ ਹਜ਼ਾਰਾਂ ਉਪ ਭਾਸ਼ਾਵਾਂ ਹੋਣਗੀਆਂ। ਪਰ ਮੋਟੇ ਤੌਰ ਤੇ ਜਦੋਂ ਅਸੀਂ ਪੰਜਾਬੀ ਦੀ ਚਰਚਾ ਅਣਵੰਡੇ ਯਾਨੀ 1947 ਤੋਂ ਪਹਿਲਾਂ ਦੇ ਪੰਜਾਬ ਬਾਰੇ ਕਰਦੇ ਹਾਂ ਤਾਂ ਪੰਜਾਬੀ ਬੋਲਦੇ ਇਲਾਕੇ ਦਾ ਕੇਂਦਰ ਲਾਹੌਰ ਨੂੰ ਮੰਨਦੇ ਹਾਂ ਲਾਹੌਰ ਨੂੰ 1947 ਤੱਕ ਪੰਜਾਬੀ ਬੋਲੀ ਦਾ ਮਰਕਜ਼ ਜਾਂ ਸਟੈਂਡਰਡ ਪੰਜਾਬੀ ਦਾ ਕੇਂਦਰ ਬਿੰਦੂ ਤਸੱਵਰ ਕੀਤਾ ਜਾਂਦਾ ਸੀ। ਲਾਹੌਰ ਦੇ ਆਲੇ ਦੁਆਲੇ ਦੇ ਜ਼ਿਲਿਆਂ ਗੁਰਦਾਸਪੁਰ ਅੰਮ੍ਰਿਤਸਰ, ਫੀਰੋਜ਼ਪੁਰ ਸ਼ਹਿਰੀ ਕਸੂਰ ਸ਼ੇਖੂਪੁਰਾ, ਗੁੱਜਰਾਂਵਾਲਾ, ਗੁਜਰਾਤ ਅਤੇ ਸਿਆਲਕੋਟ ਜ਼ਿਲਿਆਂ ਨੂੰ ਕੇਂਦਰੀ ਪੰਜਾਬੀ ਜਾਂ ਸਟੈਂਡਰਡ ਪੰਜਾਬੀ ਬੋਲਣ ਵਾਲੇ ਇਲਾਕੇ ਸਮਝਿਆ ਜਾਂਦਾ ਸੀ। ਕੇਂਦਰੀ ਪੰਜਾਬੀ ਬੋਲਣ ਵਾਲੇ ਇਲਾਕੇ ਦੇ ਪੱਛਮ ਵਿਚ ਰਾਵਲਪਿੰਡੀ ਦੇ ਆਲੇ - ਦੁਆਲੇ ਦੇ ਇਲਾਕੇ ਦੀ ਉਪ ਪੰਜਾਬੀ ਨੂੰ ਪੋਠੋਹਾਰੀ ਆਖਦੇ ਸਨ। ਮੁਲਤਾਨ, ਝੰਗ, ਮੀਆਂਵਾਲੀ ਇਲਾਕੇ ਦੀ ਪੰਜਾਬੀ ਨੂੰ ਸਰਾਇਕੀ ਪੰਜਾਬੀ ਆਖਦੇ ਹਨ ਅਤੇ ਬਹਾਵਲਪੁਰ ਦੇ ਆਲੇ ਦੁਆਲੇ ਦੀ ਪੰਜਾਬੀ ਨੂੰ ਬਹਾਵਲਪੁਰੀ ਮੰਨਿਆਂ ਜਾਂਦਾ ਹੈ। ਅੰਮ੍ਰਿਤਸਰ ਦੇ ਪੂਰਬ ਵਿਚ ਹੁਸ਼ਿਆਰਪੁਰ, ਜਲੰਧਰ ਅਤੇ ਫਗਵਾੜਾ ਤਹਿਸੀਲ ਦੀ ਬੋਲੀ ਦੁਆਬੀ ਉੱਪ ਪੰਜਾਬੀ ਸਮਝੀ ਜਾਂਦੀ ਸੀ। ਲੁਧਿਆਣਾ, ਮੋਗਾ ਅਤੇ ਸੰਗਰੂਰ ਦੀ ਪੰਜਾਬੀ ਮਲਵਈ ਪੰਜਾਬੀ ਅਖਵਾਉਂਦੀ ਸੀ। ਕਾਂਗੜਾ, ਚੰਬਾ ਅਤੇ ਜੰਮੂ ਦੀ ਪੰਜਾਬੀ ਨੂੰ ਪਹਾੜੀ ਜਾਂ ਡੋਗਰੀ ਸਮਝਦੇ ਸਨ ਅਤੇ ਪਟਿਆਲਾ-ਅੰਬਾਲਾ ਇਲਾਕੇ ਦੀ ਪੰਜਾਬੀ ਨੂੰ ਮਲਵਈ ਪੰਜਾਬੀ ਦਾ ਹੀ

ਪਟਿਆਵਲੀ ਅੰਗ ਸਮਝਿਆ ਜਾਂਦਾ ਸੀ। ਅੱਜ ਦੇ ਪੂਰਬੀ ਪੰਜਾਬ ਵਿਚ ਹੌਲੀ ਹੌਲੀ ਉੱਪ ਭਾਸ਼ਾਵਾਂ ਦੇ ਬੰਧਨ ਟੁੱਟ ਰਹੇ ਹਨ। ਪੱਛਮੀ (ਪਾਕਿਸਤਾਨੀ) ਪੰਜਾਬ ਵਿਚ ਉੱਪ ਭਾਸ਼ਾਵਾਂ ਦੇ ਬੰਧਨ ਅਜੇ ਵੀ ਮੌਜੂਦ ਹਨ। ਰੇਡੀਓ ਪਾਕਿਸਤਾਨ ਲਾਹੌਰ ਦੀ ਪੰਜਾਬੀ ਤਾਂ ਮਾਝੀ ਪੰਜਾਬੀ ਜਾਂ ਕੇਂਦਰੀ ਪੰਜਾਬੀ ਹੈ। ਮੁਲਤਾਨ ਸਟੇਸ਼ਨ ਦੀ ਪੰਜਾਬੀ ਸਰਾਇਕੀ ਢੰਗ ਦੀ ਹੈ। ਬਹਾਵਲਪੁਰ ਦੀ ਬਹਾਵਲ ਪੁਰੀ ਅਤੇ ਰਾਵਲਪਿੰਡੀ ਦੀ ਪੋਠੋਹਾਰੀ ਪੰਜਾਬੀ ਹੈ।

ਸਰਦਾਰ ਦਵਿੰਦਰ ਸਿੰਘ ਦੀ ਜੰਮਪਲ ਗਾੜ੍ਹੇ ਮਾਝੇ ਦੀ ਹੈ। ਉਹ ਅੰਮ੍ਰਿਤਸਰ ਅਤੇ ਲਾਹੌਰ ਦੇ ਬਿਲਕੁਲ ਵਿਚਕਾਰ ਅਟਾਰੀ ਵਿਚ ਪੈਦਾ ਹੋਏ ਸਨ। ਅਟਾਰੀ ਵਿਚ ਪੈਦਾ ਹੋ ਕੇ ਉਨ੍ਹਾਂ ਨੇ ਵਿਦਿਆ ਲਾਹੌਰ ਸ਼ਹਿਰ ਤੋਂ ਪ੍ਰਾਪਤ ਕੀਤੀ। ਉਨ੍ਹਾਂ ਦੀ ਮਾਂ ਬੋਲੀ ਤਾਂ ਕੇਂਦਰੀ ਪੰਜਾਬੀ ਸੀ ਪਰ ਉਨ੍ਹਾਂ ਨੇ ਵਿੱਦਿਆ ਵਧੇਰੇ ਕਰਕੇ ਅੰਗਰੇਜ਼ੀ ਅਤੇ ਉਰਦੂ ਵਿਚ ਹੀ ਪ੍ਰਾਪਤ ਕੀਤੀ।

ਸਰਦਾਰ ਦਵਿੰਦਰ ਸਿੰਘ ਹੋਰਾਂ ਦਾ ਬਚਪਨ ਲਾਹੌਰ ਸ਼ਹਿਰ ਦੇ ਗਲੀ ਕੂਚਿਆਂ ਵਿਚ ਗੁਜ਼ਰਿਆ। ਮੁੱਛਾਂ ਅਤੇ ਦਾਹੜੀ ਵੀ ਲਾਹੌਰ ਰਹਿੰਦਿਆਂ ਹੀ ਫੁੱਟੀ। ਲਾਹੌਰ ਸ਼ਹਿਰ ਵਿਚ ਰਹਿੰਦਿਆਂ ਉਨ੍ਹਾਂ ਨੇ ਅੰਦਰੂਨ ਸ਼ਹਿਰ ਦੀ ਪੰਜਾਬੀ ਸਲੈਂਗ ਤੇ ਖੂਬ ਪਕੜ ਹਾਸਿਲ ਕਰ ਲਈ। ਇਹ ਬੋਲੀ ਅਜੇ ਤਾਈਂ ਉਨ੍ਹਾਂ ਦੇ ਅੰਗ ਸੰਗ ਹੈ ਅਤੇ ਉਨ੍ਹਾਂ ਦਾ ਵਡਮੁੱਲਾ ਸਰਮਾਇਆ ਹੈ।

1947 ਚ ਪੰਜਾਬ ਦੇ ਬਟਵਾਰੇ ਦੌਰਾਨ ਸਰਦਾਰ ਦਵਿੰਦਰ ਸਿੰਘ ਲਾਹੌਰ ਅੰਮ੍ਰਿਤਸਰ ਆ ਗਏ। ਉਨ੍ਹਾਂ ਦਿਨਾਂ ਵਿਚ ਸਵਰਗਵਾਸੀ ਸਰਦਾਰ ਸਾਧੂ ਸਿੰਘ ਹਮਦਰਦ ਨੇ ਅੰਮ੍ਰਿਤਸਰ ਤੋਂ ਉਰਦੂ ਦਾ ਦੈਨਿਕ ਅਖ਼ਬਾਰ "ਅਜੀਤ" ਸ਼ਾਇਆ ਕਰਨਾ ਸ਼ੁਰੂ ਕੀਤਾ ਸੀ। ਸਰਦਾਰ ਦਵਿੰਦਰ ਸਿੰਘ ਦੀ ਰੁਚੀ ਸ਼ੁਰੂ ਤੋਂ ਹੀ ਲਿਖਣ ਪੜ੍ਹਨ ਵਾਲੀ ਸੀ। ਉਨ੍ਹਾਂ ਨੇ ਅਜੀਤ ਅਖ਼ਬਾਰ ਵਿਚ ਬਤੌਰ ਸਕਰਿਪਟ ਰਾਈਟਰ ਅਤੇ ਪਰੂਫ ਰੀਡਰ ਨੌਕਰੀ ਕਰ ਲਈ। ਸਰਦਾਰ ਦਵਿੰਦਰ ਸਿੰਘ ਅਜਿਹੀ ਨੌਕਰੀ ਵਾਸਤੇ ਪੂਰੀ ਤਰ੍ਹਾਂ ਯੋਗ ਸਨ। ਸਰਦਾਰ ਹਮਦਰਦ ਬਾਰੇ ਉਹ ਦੱਸਦੇ ਹਨ ਕਿ ਹਮਦਰਦ ਜੀ ਬੜੇ ਹੀ ਮਿੱਠ ਬੋਲੜੇ ਸਨ। ਉਨ੍ਹਾਂ ਦੀ ਬੋਲ ਚਾਲ ਦੀ ਬੋਲੀ ਅਤੇ ਲਿਖਣੀ ਵਿਚ ਬਹੁਤਾ ਅੰਤਰ ਨਹੀਂ ਸੀ। ਉਹ ਕਲਾ ਦੇ ਕਦਰਦਾਨ ਸਨ। ਪੰਜਾਬੀ ਦੀ ਸ਼ਾਇਰੀ ਵਿਚ "ਗਜ਼ਲ" ਦਾ ਜੋ ਅਸਥਾਨ ਅੱਜ ਹੈ ਉਸ ਵਾਸਤੇ ਸਾਧੂ ਸਿੰਘ ਹਮਦਰਦ ਦਾ ਬੜਾ ਵੱਡਾ ਯੋਗਦਾਨ ਹੈ। ਇਕ ਦੋ ਸਾਲ "ਅਜੀਤ" ਅਖ਼ਬਾਰ ਦੀ ਨੌਕਰੀ ਕਰਕੇ ਸਰਦਾਰ ਦਵਿੰਦਰ ਸਿੰਘ ਦਿੱਲੀ ਆ ਗਏ।

ਸਰਦਾਰ ਦਵਿੰਦਰ ਸਿੰਘ ਹੋਰਾਂ ਦੇ ਦਿੱਲੀ ਜਾਣ ਦਾ ਇਕ ਵੱਡਾ ਕਾਰਨ ਇਹ ਵੀ ਸੀ ਕਿ ਲਾਹੌਰ ਦਾ ਹਿੰਦੂ ਅਤੇ ਸਿੱਖ ਭਾਈਚਾਰਾ ਵਧੇਰੇ ਕਰਕੇ ਦਿੱਲੀ ਵਿਚ ਹੀ ਵਸ ਗਿਆ ਸੀ। ਸਰਦਾਰ ਦਵਿੰਦਰ ਸਿੰਘ ਹੋਰਾਂ ਦੇ ਰਿਸ਼ਤੇਦਾਰ ਅਤੇ ਮਿੱਤਰ ਵਧੇਰੇ ਕਰਕੇ ਦਿੱਲੀ ਵਿਚ ਹੀ ਵਸ ਚੁੱਕੇ ਸਨ। ਦਿੱਲੀ ਵਿਚ ਰਹਿੰਦੇ ਹੋਏ ਉਹ ਅੰਗਰੇਜ਼ੀ ਦੇ ਅਧਿਆਪਕ ਬਣ ਗਏ ਅਤੇ ਕਈ ਵਰ੍ਹੇ ਇਸੇ ਹੀ ਕਿੱਤੇ ਨਾਲ ਸੰਬੰਧਤ ਰਹੇ।

ਜਦੋਂ ਸਰਦਾਰ ਦਵਿੰਦਰ ਸਿੰਘ ਲਾਹੌਰ ਰਹਿੰਦੇ ਸਨ ਉਨ੍ਹਾਂ ਦਿਨਾਂ ਵਿਚ ਪੰਚੋਲੀ ਸਟੂਡਿਓਜ਼ ਦੀਆਂ ਫਿਲਮੀ ਹਸਤੀਆਂ ਨਾਲ ਉਨ੍ਹਾਂ ਦਾ ਸੰਪਰਕ ਰਿਹਾ। ਨਾਲੋ ਨਾਲ ਹੀ ਸ਼ਬਦ ਕੀਰਤਨ ਸੁਣਨ ਦਾ ਮੱਸ ਸਰਦਾਰ ਦਵਿੰਦਰ ਸਿੰਘ ਹੋਰਾਂ ਨੂੰ ਮੁਤਆਸਰ ਕਰਦਾ ਰਿਹਾ। ਗੁਰਦੁਵਾਰਾ ਡੇਹਰਾ ਸਾਹਿਬ ਲਾਹੌਰ ਸਰਦਾਰ ਦਵਿੰਦਰ ਸਿੰਘ ਹੋਰਾਂ ਵਾਸਤੇ ਇਕ ਚੁੰਬਕੀ ਅਕਰਸ਼ਣ ਦਾ ਹਾਸਿਲ ਸੀ। ਇਸ ਗੁਰਦੁਵਾਰਾ ਸਾਹਿਬ ਵਿਖੇ ਉਨ੍ਹਾਂ ਨੇ ਭਾਈ ਚਾਂਦ, ਭਾਈ ਸਮੁੰਦ ਸਿੰਘ ਜੀ, ਭਾਈ ਸੰਤਾ ਸਿੰਘ ਜੀ, ਭਾਈ ਸੁਰਜਣ ਸਿੰਘ ਜੀ, ਭਾਈ ਗੁਰਮੁਖ ਸਿੰਘ ਸੁਰਮੁਖ ਸਿੰਘ, ਭਾਈ ਜਵਾਲਾ ਸਿੰਘ ਅਤੇ ਭਾਈ ਪਾਲ ਸਿੰਘ ਜਸਵੰਤ ਸਿੰਘ ਨੂੰ ਬੜਾ ਸੁਣਿਆ। ਗਾਹੇ ਬਗਾਹੇ ਸਰਦਾਰ ਦਵਿੰਦਰ ਸਿੰਘ ਹੋਰਾਂ ਦਾ ਫੇਰਾ ਸ੍ਰੀ ਨਨਕਾਣਾ ਸਾਹਿਬ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਵੀ ਵਜਦਾ ਰਹਿੰਦਾ ਸੀ।

ਦਿੱਲੀ ਆਣ ਕੇ ਸਰਦਾਰ ਦਵਿੰਦਰ ਸਿੰਘ ਭਾਈ ਸੰਤਾ ਸਿੰਘ ਜੀ ਅਤੇ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਹੋਰਾਂ ਦੀ ਕੀਰਤਨ ਸ਼ੈਲੀ ਅਤੇ ਪ੍ਰਤਿਭਾ ਦੇ ਕਾਇਲ ਬਣ ਗਏ ਪੰਜਾਬੀ ਦੀ ਸਿਰਮੌਰ ਕਵਿੱਤਰੀ ਸ੍ਰੀਮਤੀ ਅੰਮ੍ਰਿਤਾ ਪ੍ਰੀਤਮ ਦੀ ਸ਼ਾਇਰੀ ਨੂੰ ਸੁਣਨਾ ਵੀ ਸਰਦਾਰ ਦਵਿੰਦਰ ਸਿੰਘ ਦਾ ਸ਼ੌਕ ਸੀ। ਉਰਦੂ ਦੇ ਲਾਹੌਰ ਤੋਂ ਆ ਕੇ ਦਿਲੀ ਵਸੇ ਸ਼ਾਇਰ ਤਰਲੋਕ ਚੰਦ ਕੌਸਰ ਅਤੇ ਡਰਾਮਾ ਅਭਿਨੇਤਾ ਦੀਨਾ ਨਾਥ ਜ਼ੁਤਸ਼ੀ ਦੀ ਸੰਗਤ ਸਰਦਾਰ ਦਵਿੰਦਰ ਸਿੰਘ ਵਾਸਤੇ ਬੜੀ ਲਾਹੇਵੰਦ ਰਹੀ। ਡਰਾਮੇ ਦਾ ਸ਼ੌਕ ਸਰਦਾਰ ਦਵਿੰਦਰ ਸਿੰਘ ਹੋਰਾਂ ਦੇ ਅੰਦਰ ਅੰਗੜਾਈਆਂ ਲੈ ਰਿਹਾ ਸੀ। ਜੋ ਰੇਡੀਓ ਸਟੇਸ਼ਨ ਦੀ ਨੌਕਰੀ ਸ਼ੁਰੂ ਹੋਣ ਤੋਂ ਬਾਅਦ ਪੂਰੀ ਤਰ੍ਹਾਂ ਫੁੱਲਿਆ।

ਆਖ਼ਿਰ ਕਾਰ ਅੰਗਰੇਜ਼ੀ ਦਾ ਅਧਿਆਪਨ ਤਰਕ ਕਰਕੇ ਸਰਦਾਰ ਦਵਿੰਦਰ ਸਿੰਘ ਹੋਰਾਂ ਨੇ ਅਕਾਸ਼ਬਾਣੀ ਦਿੱਲੀ ਦੀ ਨੌਕਰੀ ਪ੍ਰਾਪਤ ਕਰ ਲਈ। ਉਨ੍ਹਾਂ ਦਿਨਾਂ ਵਿਚ ਅਕਾਸ਼ਵਾਣੀ ਦਿੱਲੀ ਤੋਂ ਪੰਜਾਬੀ ਦਾ ਪਰੋਗਰਾਮ ਕੇਵਲ ਪੰਦਰਾਂ ਮਿੰਟਾਂ ਦਾ ਹੀ ਹੋਇਆ ਕਰਦਾ ਸੀ। ਇਸ ਪਰੋਗਰਾਮ ਦਾ ਸ਼ੁਰੂ ਸ਼ੁਰੂ ਦਾ ਸਰੂਪ ਬਿਲਕੁਲ ਹੀ ਧਾਰਮਿਕ ਨਹੀਂ ਸੀ। ਅੰਮ੍ਰਿਤਾ ਪ੍ਰੀਤਮ ਨੇ ਇਸ ਪਰੋਗਰਾਮ ਨੂੰ ਇਕ ਨਵਕਲਾ ਗ਼ੈਰ ਧਾਰਮਿਕ ਰੰਗ ਦੇ ਦਿੱਤਾ ਸੀ।

ਸਰਦਾਰ ਦਵਿੰਦਰ ਸਿੰਘ ਹੋਰਾਂ ਦੀ ਸ਼ੁਰੂ ਤੋਂ ਹੀ ਰੁਚੀ ਸਿੱਖੀ ਪ੍ਰਤੀ ਅਥਾਹ ਸ਼ਰਧਾ ਦੀ ਸੀ। ਇਹ ਰੁਚੀ ਉਨ੍ਹਾਂ ਦੇ ਰੇਡੀਓ ਦੀ ਨੌਕਰੀ ਦੇ ਕਾਰਜਕਾਲ ਦਾ ਕੇਂਦਰ ਬਿੰਦੂ ਬਣ ਗਈ। ਇਕ ਸਾਲ ਵਾਸਤੇ 1958 ਤੋਂ 1959 ਤੱਕ ਸਰਦਾਰ ਦਵਿੰਦਰ ਸਿੰਘ ਅਕਾਸ਼-ਵਾਣੀ ਜਲੰਧਰ ਵਿਖੇ ਤਬਦੀਲ ਹੋ ਗਏ ਅਤੇ ਫੇਰ 1959 ਤੋਂ 1983 ਤੱਕ ਬਾਦਸਤੂਰ ਉਹ ਆਕਾਸ਼ਵਾਣੀ ਦਿਲੀ ਵਿਖੇ ਹੀ ਪੰਜਾਬੀ ਪ੍ਰੋਗਰਾਮ ਦੇ ਸੰਚਾਲਕ ਬਣ ਰਹੇ।

ਜਿਸ ਤਰ੍ਹਾਂ ਸਰਦਾਰ ਜੋਧ ਸਿੰਘ ਹੋਰਾਂ ਨੇ ਅਕਾਸ਼ਵਾਣੀ ਜਲੰਧਰ-ਅੰਮ੍ਰਿਤਸਰ ਤੋਂ ਮੁੱਖ ਗੁਰਪੁਰਬਾਂ ਸਮੇਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਹੋ ਰਹੇ ਸ਼ਬਦ ਕੀਰਤਨ ਦੇ ਸਿੱਧੇ ਪ੍ਰਸਾਰਨ ਦਾ ਪ੍ਰਾਵਧਾਨ ਕਰਵਾ ਲਿਆ ਸੀ, ਉਸੇ ਹੀ ਤਰ੍ਹਾਂ ਸਰਦਾਰ ਦਵਿੰਦਰ ਸਿੰਘ ਹੋਰਾਂ ਨੇ ਸਮੇਂ ਸਮੇਂ ਸਿਰ ਗੁਰਦੁਵਾਰਾ ਤਖ਼ਤ ਸ੍ਰੀ ਹਰਮਿੰਦਰ ਸਾਹਿਬ, ਪਟਨਾ ਸਾਹਿਬ,

ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ, ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਪੁਰਾਣੀ ਦਿਲੀ, ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਨਵੀਂ ਦਿਲੀ ਅਤੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਨਵੀਂ ਦਿਲੀ ਤੋਂ ਗੁਰਪੁਰਬਾਂ ਸਮੇਂ ਵਿਸ਼ੇਸ਼ ਸ਼ਬਦ ਕੀਰਤਨ ਦੇ ਸਿਧੇ ਪ੍ਰਸਾਰਨ ਦਾ ਪ੍ਰਾਵਧਾਨ ਕਰਵਾ ਲਿਆ। ਇਹ ਸਰਦਾਰ ਦਵਿੰਦਰ ਸਿੰਘ ਹੋਰਾਂ ਦੀ ਇਕ ਵੱਡੀ ਉਪਲਬਧੀ ਸੀ।

ਸਵਰਗਵਾਸੀ ਭਾਈ ਸੰਤਾ ਸਿੰਘ ਜੀ 1952 ਤੋਂ ਲਗਾਤਾਰ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਵਿਖੇ ਦਰ ਹਕੀਕਤ ਹੈੱਡ ਹਜ਼ੂਰੀ ਰਾਗੀ ਤਸੱਵਰ ਕੀਤੇ ਜਾਂਦੇ ਸਨ। ਸਰਦਾਰ ਦਵਿੰਦਰ ਸਿੰਘ ਹੋਰਾਂ ਨੇ ਉਨ੍ਹਾਂ ਨੂੰ ਤਕਰੀਬਨ ਹਰ ਮਹੀਨੇ ਇਕ ਵਾਰੀ ਅਕਾਸ਼-ਵਾਣੀ ਦਿੱਲੀ ਤੇ ਆਮੰਤਰਿਤ ਕਰਵਾਇਆ ਅਤੇ ਉਨ੍ਹਾਂ ਦਾ ਸ਼ਬਦ ਗਾਇਨ ਪ੍ਰਸਾਰਿਤ ਕੀਤਾ। ਇਸੇ ਹੀ ਤਰ੍ਹਾਂ ਉਸ ਸਮੇਂ ਦੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਦੇ ਦੂਜੇ ਨੰਬਰ ਦੇ ਹਜ਼ੂਰੀ ਰਾਗੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਹੋਰਾਂ ਨੂੰ ਵੀ ਸਰਦਾਰ ਦਵਿੰਦਰ ਸਿੰਘ ਹੋਰਾਂ ਨੇ ਉਤਸ਼ਾਹ ਦਿਤਾ ਕਿ ਉਹ ਹਰ ਮਹੀਨੇ ਇਕ ਵਾਰੀ ਅਕਾਸ਼ਵਾਣੀ ਦਿੱਲੀ ਤੋਂ ਸ਼ਬਦ ਕੀਰਤਨ ਪ੍ਰਸਾਰਿਤ ਕਰਿਆ ਕਰਨ। ਗਾਹੇ ਬਗਾਹੇ ਭਾਈ ਸਮੁੰਦ ਸਿੰਘ ਜੀ ਨੂੰ ਵੀ ਲੁਧਿਆਣਾ ਤੋਂ ਦਿੱਲੀ ਮੰਗਵਾਇਆ ਜਾਂਦਾ ਸੀ ਅਤੇ ਉਨ੍ਹਾਂ ਦਵਾਰਾ ਪ੍ਰਸਤੁੱਤ ਗੁਰਮਤਿ ਸੰਗੀਤ ਅਕਾਸ਼ਵਾਣੀ ਦਿੱਲੀ ਤੋਂ ਸਰਦਾਰ ਦਵਿੰਦਰ ਸਿੰਘ ਜੀ ਦੇ ਯਤਨਾਂ ਸਦਕੇ ਹੀ ਪਰਸਾਰਿਤ ਕੀਤਾ ਜਾਂਦਾ ਸੀ।

ਸਰਦਾਰ ਦਵਿੰਦਰ ਸਿੰਘ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਉਚੇਚੇ ਤੌਰ ਤੇ ਨਾਟਕ ਅਤੇ ਸੰਗੀਤ ਰੂਪਕ ਰਚਿਆ ਕਰਦੇ ਸਨ ਅਤੇ ਸੰਗੀਤ ਵਿਚ ਸਵਰ ਆਮ ਤੌਰ ਤੇ ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਭਾਈ ਸੰਤਾ ਸਿੰਘ ਅਤੇ ਭਾਈ ਸਮੁੰਦ ਸਿੰਘ ਹੋਰਾਂ ਦੇ ਪੇਸ਼ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਕਾਸ਼ ਗੁਰਪੁਰਬ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਅਤੇ ਵਸਾਖੀ ਤੋਂ ਇਲਾਵਾ ਭਗਤ ਰਵੀਦਾਸ, ਭਗਤ ਕਬੀਰ ਅਤੇ ਸ਼ੇਖ ਫਰੀਦ ਦੇ ਸੰਬੰਧ ਵਿਚ ਸਰਦਾਰ ਦਵਿੰਦਰ ਸਿੰਘ ਉਚੇਚੇ ਤੌਰ ਤੇ ਸੰਗੀਤ ਰੂਪਕ ਰਚਦੇ ਸਨ। ਬੋਛਿਆ ਸ਼ਬਦ ਕਈ ਵਾਰੀ ਦੋ ਆਵਾਜ਼ਾਂ ਵਿਚ ਹੁੰਦਾ ਸੀ ਅਤੇ ਗੁਰਮਤ ਸੰਗੀਤ ਦੇ ਅੰਸ਼ ਵੀ ਪੇਸ਼ ਕੀਤੇ ਜਾਂਦੇ ਸਨ। ਹਰ ਇਕ ਗੁਰਪੁਰਬ ਵਾਸਤੇ ਸਰਦਾਰ ਦਵਿੰਦਰ ਸਿੰਘ ਨਵਾਂ ਹੀ ਰੂਪਕ ਜਾਂ ਨਾਟਕ ਰਚਦ ਸਨ। ਅਕਾਸ਼ਵਾਣੀ ਜਲੰਧਰ ਵਿਖੇ ਸਰਦਾਰ ਦਵਿੰਦਰ ਸਿੰਘ ਦੀ ਸੇਵਾ ਅਵਧੀ ਦੌਰਾਨ ਉਸ ਸਟੇਸ਼ਨ ਤੋਂ ਵੀ ਅਜਿਹੇ ਪਰੋਗਰਾਮ ਪੇਸ਼ ਹੁੰਦੇ ਰਹੇ ਹਨ। ਪਰ ਦਿੱਲੀ ਸਟੇਸ਼ਨ ਦੀ ਮਸ਼ਹੂਰੀ ਹੀ ਦਵਿੰਦਰ ਸਿੰਘ ਦੇ ਡਰਾਮਿਆਂ ਅਤੇ ਰੂਪਕਾਂ ਕਾਰਨ ਹੀ ਸੀ। ਸਰਦਾਰ ਦਵਿੰਦਰ ਸਿੰਘ ਅਕਾਸ਼ਵਾਣੀ ਦਿੱਲੀ ਤੋਂ ਉਚੇਚੇ ਤੌਰ ਤੇ ਕਵੀ ਦਰਬਾਰ ਵੀ ਕਰਵਾਇਆ ਕਰਦੇ ਸਨ। ਦਿੱਲੀ ਦੇ ਕਵੀਆਂ ਦੇ ਨਾਲ ਨਾਲ ਹੀ ਪੰਜਾਬ ਤੋਂ ਵੀ ਕਵੀਜਨ ਬੁਲਾਏ ਜਾਂਦੇ ਸਨ। ਅਨਾਊਂਸਰਾਂ ਨੂੰ ਤਿਆਰ ਕਰਨ ਵਿਚ ਸਰਦਾਰ ਦਵਿੰਦਰ ਸਿੰਘ ਦਾ ਕੋਈ

ਜੋੜ ਨਹੀਂ। ਉਹ ਖ਼ੁਦ ਵੀ ਉੱਚ ਕੋਟੀ ਦੇ ਅਨਾਊਂਸਰ ਹਨ ਅਤੇ ਉਨ੍ਹਾਂ ਦੁਵਾਰਾ ਪ੍ਰਸ਼ਿਕਸ਼ਤ ਦੂਜੇ ਅਨਾਊਂਸਰ ਵੀ ਚੰਗੇ ਮਿਆਰ ਦੇ ਹਨ।

ਆਕਾਸ਼ਵਾਣੀ ਦਿੱਲੀ ਵਿਖੇ ਸਰਦਾਰ ਦਵਿੰਦਰ ਸਿੰਘ ਹੋਰਾਂ ਦੀ ਸੇਵਾ ਅਵਧੀ ਦੇ ਦੌਰਾਨ ਪੰਜਾਬੀ ਪਰੋਗਰਾਮ ਜੋ ਸ਼ਾਮ ਦੀ ਸਭਾ ਵਿਚ ਪੰਦਰਾਂ ਮਿੰਟਾਂ ਵਾਸਤੇ ਪੇਸ਼ ਕੀਤਾ ਜਾਂਦਾ ਸੀ, ਵਿਚ ਦੋ ਵਾਰੀ ਇਜ਼ਾਫ਼ਾ ਹੋਇਆ। ਪਹਿਲਾ ਵਾਧਾ ਪੰਦਰਾਂ ਮਿੰਟਾਂ ਦਾ ਸੀ ਅਤੇ ਉਹ ਸ਼ਾਮ ਦੀ ਸਭਾ ਵਿਚ ਹੀ ਹੋਇਆ। ਦੂਜਾ ਵਾਧਾ ਸਵੇਰ ਦੀ ਅੱਧੇ ਘੰਟੇ ਦੀ ਨਵੀਂ ਸਭਾ ਦਾ ਸੀ। ਇਨ੍ਹਾਂ ਦੋਹਾਂ ਪਰੋਗਰਾਮਾਂ ਵਾਸਤੇ ਸਰਦਾਰ ਦਵਿੰਦਰ ਸਿੰਘ ਹੋਰਾਂ ਨੂੰ ਸਵੇਰੇ ਛੇ ਵਜੇ ਘਰੋਂ ਚੱਲਣਾ ਪੈਂਦਾ ਸੀ ਤੇ ਰਾਤ ਨੂੰ ਅੱਠ ਵਜੇ ਤੋਂ ਬਾਦ ਉਹ ਘਰ ਪਰਤਦੇ ਸਨ। ਕੰਮ ਦਾ ਉਨ੍ਹਾਂ ਨੂੰ ਐਨਾ ਸ਼ੌਕ ਸੀ ਕਿ ਜੇ ਉਨ੍ਹਾਂ ਨੂੰ ਅਸੀਂ ਵਰਕੋਹੌਲਿਕ ਸਮਝ ਲਈਏ ਤਾਂ ਕੋਈ ਗ਼ਲਤ ਗੱਲ ਨਹੀਂ ਹੋਵੇਗੀ। ਸ. ਦਵਿੰਦਰ ਸਿੰਘ ਆਪਣੇ ਨਾਲ ਕੰਮ ਕਰਨ ਵਾਲੇ ਸਹਿਯੋਗੀਆਂ ਨਾਲ ਬੜੇ ਖ਼ਲੂਸ ਅਤੇ ਤਹੱਮਲ ਨਾਲ ਪੇਸ਼ ਆਉਂਦੇ ਸਨ। ਖ਼ੁਦ ਮਿਹਨਤ ਕਰਦੇ ਸਨ, ਦੂਜਿਆਂ ਕੋਲੋਂ ਮਿਹਨਤ ਕਰਵਾਉਂਦੇ ਸਨ।

ਗੁਰਪੁਰਬ ਤੋਂ ਮਹੀਨਾ ਪਹਿਲਾਂ ਹੀ ਸਰਦਾਰ ਦਵਿੰਦਰ ਸਿੰਘ ਵਿਸ਼ੇਸ਼ ਪ੍ਰੋਗਰਾਮਾਂ ਦੀ ਤਿਆਰੀ ਵਿਚ ਰੁਝ ਜਾਂਦੇ ਸਨ। ਉਚੇਚੇ ਤੌਰ ਤੇ ਟੈਲੀਫ਼ੋਨ ਕਰਕੇ ਰਾਗੀ ਸਿੰਘਾਂ ਨੂੰ ਬੁਲਾਉਂਦੇ ਸਨ। ਫੇਰ ਖਾਸ ਖਾਸ ਰੀਤਾਂ ਵਿਚ ਕੀਰਤਨ ਕਰਵਾ ਕੇ ਉਸਨੂੰ ਰਿਕਾਰਡ ਕਰਵਾ ਕੇ ਰੱਖਦੇ ਸਨ ਅਤੇ ਟੇਪਸ ਨੂੰ ਜਾਨ ਨਾਲੋਂ ਪਿਆਰੀਆਂ ਸਮਝ ਕੇ ਸੰਭਾਲਦੇ ਸਨ। ਭਾਈ ਸੰਤਾ ਸਿੰਘ ਜੀ ਅਕਾਸ਼ਵਾਣੀ ਦੇ ਏ ਕਲਾਸ ਆਰਟਿਸਟ ਸਨ। ਪਰ ਸਰਦਾਰ ਦਵਿੰਦਰ ਸਿੰਘ ਹੋਰਾਂ ਨੂੰ ਦੁੱਖ ਹੈ ਕਿ ਉਹ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਨੂੰ ਆਪਣੀ ਕਾਰਜ ਅਵਧੀ ਦੌਰਾਨ ਏ ਗਰੇਡ ਦੇ ਆਰਟਿਸਟ ਬਣਾਉਣ ਤੇ ਧਿਆਨ ਨਹੀਂ ਦੇ ਸਕੇ। ਪਰ ਉਹ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਦੀ ਨਿਵੇਕਲੀ ਕੀਰਤਨ ਸ਼ੈਲੀ ਦੇ ਯਕੀਨਨ ਕਾਇਲ ਹਨ।

ਲਾਹੌਰ ਵਿਚ ਰਹਿੰਦੇ ਹੋਏ ਸਰਦਾਰ ਦਵਿੰਦਰ ਸਿੰਘ ਹੋਰਾਂ ਨੇ ਪੰਜਾਬ ਦੀਆਂ ਸਭ ਤੋਂ ਚੰਗੀਆ ਗਾਇਕਾਵਾਂ ਅਤੇ ਸਭ ਤੋਂ ਉੱਤਮ ਗਾਇਕ ਕਲਾਕਾਰਾਂ ਦਾ ਸੰਗੀਤ ਸੁਣਿਆਂ। ਉਹ ਅਜੇ ਬਾਲ ਅਵਸਥਾ ਵਿਚ ਹੀ ਸਨ ਜਦੋਂ ਮੁਹੰਮਦ ਰਫ਼ੀ ਨੇ ਆਲ ਇੰਡੀਆਂ ਰੇਡੀਓ ਤੋਂ ਆਪਣਾ ਸੰਗੀਤ ਪ੍ਰਸਾਰਤ ਕਰਨਾ ਸ਼ੁਰੂ ਕੀਤਾ। ਵਿਦਿਆਂ ਨਾਥ ਸੇਠ, ਬੁੱਧ ਸਿੰਘ ਤਾਨ, ਅਲੀ ਬਖ਼ਸ਼ ਜ਼ਹੂਰ ਅਤੇ ਰਫ਼ੀਕ ਗਜ਼ਨਵੀ ਨੂੰ ਉਨ੍ਹਾਂ ਰੇਡੀਓ ਤੋਂ ਅਤੇ ਪਰਾਈਵੇਟ ਬੈਠਕਾਂ ਵਿਚ ਸੁਣਿਆ। ਜ਼ੀਨਤ ਬੇਗਮ, ਉਮਰਾਜ਼ੀਆਂ ਬੇਗਮ, ਦਿਲਸ਼ਾਦ ਬੇਗਮ, ਸ਼ਮਸ਼ਾਦ ਬੇਗਮ ਅਤੇ ਨਵਾਬ ਬੇਗਮ ਨੂੰ ਵੀ ਉਨ੍ਹਾਂ ਨੇ ਸੁਣ ਰੱਖਿਆ ਸੀ। ਪਰਕਾਸ਼ ਕੌਰ ਅਤੇ ਸੁਰਿੰਦਰ ਕੌਰ ਦੀ ਮਸ਼ਹੂਰੀ ਲਾਹੌਰ ਵਿਚ ਹੀ ਹੋਣੀ ਸ਼ੁਰੂ ਹੋ ਗਈ ਸੀ। ਸਰਦਾਰ ਦਵਿੰਦਰ ਸਿੰਘ ਕਹਿੰਦੇ ਹਨ ਕਿ ਪੰਜਾਬੀ ਦੇ ਲੋਕ ਗੀਤਾਂ ਵਾਸਤੇ ਪ੍ਰਕਾਸ਼ ਕੌਰ ਦੀ ਆਵਾਜ਼ ਬਹੁਤ ਅੱਛੀ ਸੀ। ਸੁਰਿੰਦਰ ਕੌਰ ਦੀ ਆਵਾਜ਼ ਵਿਚ ਲਚਕ ਵਧੇਰੇ ਹੈ ਜੋ ਕਿਸੇ ਵੀ ਗਾਇਕ ਜਾਂ ਗਾਇਕਾਂ ਦੀ ਗਾਇਕੀ ਨੂੰ ਚਾਰ ਚੰਨ ਲਗਾ ਦੇਂਦੀ ਹੈ। ਇਸੇ ਹੀ ਕਰਕੇ

ਸੁਰਿੰਦਰ ਕੌਰ ਪੰਜਾਬੀ ਲੋਕ ਗੀਤਾਂ ਤੋਂ ਅਲਾਵਾ ਉਰਦੂ ਦੀਆਂ ਗ਼ਜ਼ਲਾਂ ਵਾਸਤੇ ਵੀ ਓਨੀ ਹੀ ਚੰਗੀ ਹੋਇਆ ਕਰਦੀ ਸੀ। ਮਰਦ ਗਾਇਕਾਂ ਵਿਚ ਸਰਦਾਰ ਦਵਿੰਦਰ ਸਿੰਘ ਆਸਾ ਸਿੰਘ ਮਸਤਾਨਾ ਦੀ ਹੀਰ ਦੀ ਗਾਇਕੀ ਅਤੇ ਵਿੱਦਿਆ ਨਾਥ ਸੇਠ ਦੀ ਗਾਇਕੀ ਨੂੰ ਪਸੰਦ ਕਰਿਆ ਕਰਦੇ ਸਨ। ਪਰ ਸਰਦਾਰ ਦਵਿੰਦਰ ਸਿੰਘ ਇਹ ਵੀ ਸਮਝਦੇ ਹਨ ਕਿ ਜ਼ੀਨਤ ਦੇ ਪਾਏ ਦੀ ਇਕ ਵੀ ਪੰਜਾਬੀ ਗਾਇਕਾ ਅਜ ਕਲ ਨਹੀਂ ਹੈ। ਪੰਜਾਬੀ ਦੇ ਫਿਲਮ ਗਾਇਕਾਂ ਅਤੇ ਗਾਇਕਾਵਾਂ ਵਿਚੋਂ ਸਰਦਾਰ ਦਵਿੰਦਰ ਸਿੰਘ ਮੁਹੰਮਦ ਰਫੀ ਅਤੇ ਸ਼ਮਸ਼ਾਦ ਬੇਗਮ ਨੂੰ ਸਰਬੋਤਮ ਕਰਾਰ ਦੇਂਦੇ ਹਨ।

ਜਗਜੀਤ ਕੌਰ ਦੇ ਬਾਰੇ ਵਿਚ ਸਰਦਾਰ ਦਵਿੰਦਰ ਸਿੰਘ ਮਹਿਸੂਸ ਕਰਦੇ ਹਨ ਕਿ ਉਹ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੇ ਬਰਾਬਰ ਦੀ ਗਾਇਕਾ ਬਣਨ ਦੀ ਸਮਰੱਥਾ ਰੱਖਦੀ ਹੈ। ਪਰ ਸਰਦਾਰ ਦਵਿੰਦਰ ਸਿੰਘ ਹਰਾਂ ਦੇ ਕਥਨ ਅਨੁਸਾਰ ਉਹ ਵਿਚਾਰੀ ਬੈਠੀ ਬੰਬਈ ਹੈ, ਜਿਥੇ ਪੰਜਾਬੀ ਦੀ ਗਾਇਕੀ ਦੀ ਕਈ ਪੁਸ਼ਤ ਪਨਾਹੀ ਨਹੀਂ ਹੈ। ਜੇਕਰ ਉਹ ਪੰਜਾਬ ਵਿਚ ਰਹਿੰਦੀ ਤਾਂ ਉਹ ਬੜੀ ਮਸ਼ਹੂਰ ਹੋ ਸਕਦੀ ਸੀ।

ਸਰਦਾਰ ਦਵਿੰਦਰ ਸਿੰਘ ਸੁਰਿੰਦਰ ਕੌਰ ਨੂੰ ਹਮੇਸ਼ਾਂ ਇਹੋ ਹੀ ਮਸ਼ਵਰਾ ਦੇਂਦੇ ਆਏ ਹਨ ਕਿ ਉਹ ਲੋਕ ਗੀਤ ਜੰਮ ਜੰਮ ਗਾਵੇ ਪਈ ਪਰ ਗੁਰਬਾਣੀ ਸੰਗੀਤ ਵੀ ਗਾਵੇ। ਜੋ ਸਤਿਕਾਰ ਗੁਰਬਾਣੀ ਸੰਗੀਤ ਵਾਸਤੇ ਉਸਨੂੰ ਮਿਲ ਸਕਦਾ ਹੈ ਉਹ ਲੋਕ ਗੀਤਾਂ ਵਿਚੋਂ ਕਦੀ ਵੀ ਉਸਨੂੰ ਨਹੀਂ ਮਿਲਣਾ। ਰਾਗ ਦੀ ਸੁਰਿੰਦਰ ਕੌਰ ਨੂੰ ਚੋਖੀ ਸਮਝ ਹੈ ਅਤੇ ਗੁਰਬਾਣੀ ਰਚੀ ਹੀ ਰਾਗਾਂ ਵਿਚ ਗਾਇਨ ਵਾਸਤੇ ਹੈ। ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੀ ਛੋਟੀ ਭੈਣ ਨਰਿੰਦਰ ਕੌਰ ਵੀ ਇਕ ਮਿਆਰੀ ਗਾਇਕਾ ਸੀ ਜੋ ਆਪਣੀਆਂ ਵੱਡੀਆਂ ਭੈਣਾਂ ਦੇ ਪਰਛਾਵੇਂ ਤੋਂ ਬਾਹਰ ਨਿਕਲ ਹੀ ਨਹੀਂ ਸਕੀ। ਉਸਨੂੰ ਹਮੇਸ਼ਾਂ ਸੁਰਿੰਦਰ ਕੌਰ ਅਤੇ ਪਰਕਾਸ਼ ਕੌਰ ਦਾ ਪਰਛਾਵਾਂ ਹੀ ਸਮਝਿਆ ਜਾਂਦਾ ਰਿਹਾ ਹੈ। ਇਹ ਸਰਦਾਰ ਦਵਿੰਦਰ ਸਿੰਘ ਦਾ ਵਿਚਾਰ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਤੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਸ਼ਬਦ ਕੀਰਤਨ ਦਾ ਵਿਸ਼ੇਸ਼ ਪ੍ਰਸਾਰਨ ਸਰਦਾਰ ਦਵਿੰਦਰ ਸਿੰਘ ਹੋਰਾ ਦੇ ਯਤਨਾਂ ਸਦਕੇ ਹੁੰਦਾ ਰਿਹਾ ਹੈ। ਅਕਾਸ਼ਵਾਣੀ ਵਾਲੇ ਰੇਡੀਓ ਪਾਕਿਸਤਾਨ ਲਾਹੌਰ ਦੇ ਸਹਿਯੋਗ ਨਾਲ ਇਹ ਵਿਸ਼ੇਸ਼ ਪ੍ਰੋਗਰਾਮ ਨਸ਼ਰ ਕਰਿਆ ਕਰਦੇ ਰਹੇ ਹਨ। ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਟੈਲੀਫੋਨ ਰਾਹੀਂ ਗੁਰਪੁਰਬ ਦੀਆਂ ਤਕਰੀਬਾਤ ਰੇਡੀਓ ਪਾਕਿਸਤਾਨ ਦੇ ਲਾਹੌਰ ਸਟੂਡੀਓ ਵਿਚ ਪ੍ਰਾਪਤ ਕੀਤੀਆਂ ਜਾਂਦੀਆਂ ਸਨ ਅਤੇ ਲਾਹੌਰ ਦੇ ਸਟੂਡੀਓਜ਼ ਤੋਂ ਅਕਾਸ਼ਵਾਣੀ ਦੇ ਸਟੂਡੀਓਜ਼ ਨਵੀਂ ਦਿੱਲੀ ਵਿਖੇ ਰੇਡੀਓ ਸੰਕੇਤ ਪ੍ਰਾਪਤ ਕੀਤੇ ਜਾਂਦੇ ਸਨ। ਅਕਾਸ਼ਵਾਣੀ ਜਲੰਧਰ ਇਹ ਸੰਕੇਤ ਅਕਾਸ਼ਵਾਣੀ ਦਿੱਲੀ ਦੀ ਮਾਅਰਫ਼ਤ ਪ੍ਰਾਪਤ ਕਰਕੇ ਪੁਨਰ ਪਰਸਾਰਿਤ ਕਰਦਾ ਸੀ। ਇਹ ਸਾਰੇ ਇਕਦਾਮ ਸਰਦਾਰ ਦਵਿੰਦਰ ਸਿੰਘ ਹੋਰਾਂ ਦੀ ਦੇਖ ਰੇਖ ਅਧੀਨ ਹੁੰਦੇ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਸਮੇਂ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਸਾਹਿਬ ਤੋਂ ਸ਼ਬਦ ਕੀਰਤਨ ਦਾ ਵਿਸ਼ੇਸ਼ ਪ੍ਰੋਗਰਾਮ ਪ੍ਰਸਾਰਿਤ ਕੀਤਾ ਜਾਂਦਾ ਹੈ। ਇਹ ਪ੍ਰੋਗਰਾਮ ਵੀ ਅਕਾਸ਼ਵਾਣੀ ਦਿੱਲੀ ਦੀ ਮਾਅਰਫ਼ਤ ਹੀ ਜਲੰਧਰ ਸਟੇਸ਼ਨ ਵਾਲੇ ਰੀਲੇ ਕਰਦੇ ਹਨ। ਸਰਦਾਰ ਦਵਿੰਦਰ ਸਿੰਘ ਇਸ ਪਰਸਾਰਨ ਦੀ ਰੂਪ ਰੇਖਾ ਨਿਰਧਾਰਤ ਕਰਿਆ ਕਰਦੇ ਸਨ। ਇਹ ਪ੍ਰੋਗਰਾਮ ਅਕਾਸ਼ਵਾਣੀ ਦਿੱਲੀ ਦੇ ਪੰਜਾਬੀ ਪ੍ਰੋਗਰਾਮ ਦੀ ਸਿਗਨੇਚਰ ਟਿਊਨ ਦੇ ਨਾਲ ਸ਼ੁਰੂ ਹੋਇਆ ਕਰਦੇ ਸਨ ਅਤੇ ਸੰਖੇਪ ਜਿਹੀ ਅਨਾਊਂਸਮੇਂਟ ਤੋਂ ਬਾਅਦ 28 ਮਿੰਟਾਂ ਵਾਸਤੇ ਸ਼ਬਦ ਕੀਰਤਨ ਹੀ ਪਰਸਾਰਿਤ ਹੋਇਆ ਕਰਦਾ ਸੀ।

ਆਕਾਸ਼ਬਾਣੀ ਦਿੱਲੀ ਅਤੇ ਅਕਾਸ਼ਵਾਣੀ ਜਲੰਧਰ ਵਿਖੇ ਚੰਗੇ ਭਾਗਾਂ ਨਾਲ ਸਰਦਾਰ ਦਵਿੰਦਰ ਸਿੰਘ ਅਤੇ ਸਰਦਾਰ ਜੋਧ ਸਿੰਘ ਵਰਗੇ ਗੁਰਸਿੱਖ ਅਧਿਕਾਰੀ ਮੌਜੂਦ ਸਨ ਜੋ ਸਿੱਖ ਮਨੋਵਿਰਤੀਆਂ ਦਾ ਸਤਿਕਾਰ ਕਰਦੇ ਹੋਏ ਸ਼ਬਦ ਕੀਰਤਨ ਦੇ ਪ੍ਰੋਗਰਾਮ ਨਸ਼ਰ ਕਰਵਾਇਆ ਕਰਦੇ ਸਨ। ਰੇਡੀਓ ਪਾਕਿਸਤਾਨ ਕੋਲ ਅਜਿਹੀਆਂ ਸ਼ਖਸ਼ੀਅਤਾਂ ਮੌਜੂਦ ਨਹੀਂ ਸਨ ਜੋ ਸਿੱਖ ਵਿਚਾਰਧਾਰਾ ਨੂੰ ਸਮਝਦੀਆਂ ਸਨ। ਇਸੇ ਹੀ ਕਰਕੇ ਰੇਡੀਓ ਪਾਕਿਸਤਾਨ ਵਾਲੇ ਸ਼ਬਦ ਕੀਰਤਨ ਘੱਟ ਅਤੇ ਆਪਣੇ ਦੇਸ਼ ਦਾ ਸਰਕਾਰੀ ਪਰਚਾਰ ਵਧੇਰੇ ਕਰਦੇ ਸਨ। ਸ਼ਬਦ ਕੀਰਤਨ ਮਸਾਂ ਦਸ ਕੁ ਮਿੰਟਾਂ ਵਾਸਤੇ ਹੀ ਪਰਸਾਰਿਤ ਕੀਤਾ ਜਾਂਦਾ ਸੀ, ਬਾਕੀ ਸਮੇਂ ਵਿਚ ਸੰਗਤਾਂ ਦੇ ਵਿਚਾਰ ਹੀ ਪੇਸ਼ ਕੀਤੇ ਜਾਂਦੇ ਸਨ ਜਿਸ ਵਿਚ ਉਹ ਪਾਕਿਸਤਾਨ ਦੀ ਸਰਕਾਰ ਦੇ ਯਾਤਰੂਆਂ ਵਾਸਤੇ ਕੀਤੇ ਬੰਦੋਬਸਤ ਦੀ ਸਹਾਰਨਾ ਦੇ ਪੁਲ ਬੰਨ੍ਹੀ ਜਾਂਦੇ ਸਨ। ਗੁਰਦੁਵਾਰਾ ਸਾਹਿਬ ਵਿਖੇ ਸਹੂਲਤਾਂ ਕਰਾਉਣ ਵਾਸਤੇ ਪਾਕਿਸਤਾਨ ਦੀ ਸਰਕਾਰ ਦਾ ਧੰਨਵਾਦ ਵਾਰ ਵਾਰ ਸੰਗਤਾਂ ਕਰਦੀਆਂ ਸਨ। ਹਾਲਾਂ ਕੇ ਸਭ ਨੂੰ ਪਤਾ ਹੈ ਕਿ ਪਾਕਿਸਤਾਨ ਵਿਚ ਗੁਰਦੁਵਾਰਿਆਂ ਦੇ ਨਾਓਂ ਤੇ ਹਜ਼ਾਰਾਂ ਏਕੜ ਜ਼ਮੀਨ ਹੈ ਅਤੇ ਉਸ ਜ਼ਮੀਨ ਦੀ ਆਮਦਨੀ ਕਰੋੜਾਂ ਰੁਪਏ ਸਾਲਾਨਾ ਹੋ ਸਕਦੀ ਹੈ ਜੇ ਉਨ੍ਹਾਂ ਦਾ ਯੋਗ ਢੰਗ ਨਾਲ ਪਰਬੰਧ ਕੀਤਾ ਜਾਵੇ। ਸਰਦਾਰ ਦਵਿੰਦਰ ਸਿੰਘ ਅਜਿਹੇ ਪਰਚਾਰ ਤੇ ਉਲਟ ਹਨ। ਉਹ ਤਾਂ ਗੁਰਪੁਰਬ ਦਾ ਪਰਸਾਰਨ ਗੁਰਪੁਰਬ ਦੀਆਂ ਤਕਰੀਬਾਂ ਦੇ ਸੰਬੰਧ ਵਿਚ ਹੀ ਕਰਨ ਦੇ ਹੱਕ ਵਿਚ ਹਨ। ਪਰ ਰੇਡੀਓ ਪਾਕਿਸਤਾਨ ਵਾਲੇ ਕਦੀ ਵੀ ਆਪਣੀਆਂ ਆਦਤਾਂ ਤੋਂ ਬਾਜ਼ ਨਹੀਂ ਆਉਂਦੇ।

ਨਨਕਾਣਾ ਸਾਹਿਬ ਤੋਂ ਇੱਕ ਪਰਸਾਰਨ ਦੀ ਮੁੱਖ ਅਨਾਊਂਸਰ ਰੇਡੀਓ ਪਾਕਿਸਤਾਨ ਲਹੌਰ ਦੀ ਮਸ਼ਹੂਰ ਓ ਮੋਰੂਫ਼ ਅਦਾਕਾਰਾ ਉਸਮਾਂ ਗਿਲਾਨੀ ਸੀ। ਉਸਦੀ ਪ੍ਰਤੀਭਾ ਉਪਰ ਕੋਈ ਕਿੰਤੂ ਪ੍ਰੰਤੂ ਨਹੀਂ ਕਰ ਸਕਦਾ। ਸਰਦਾਰ ਦਵਿੰਦਰ ਸਿੰਘ ਵੀ ਉਸਦਾ ਸਤਿਕਾਰ ਕਰਦੇ ਹਨ। ਪਰ ਉਸਨੇ ਵੀ ਆਪਣੀ ਸਰਕਾਰ ਦਾ ਪ੍ਰਚਾਰ ਹੀ ਗੁਰਪੁਰਬ ਦੇ ਵਿਸ਼ੇਸ਼ ਪ੍ਰਸਾਰਨ ਵਿੱਚ ਕੀਤੀ ਰਖਿਆ। ਸਰਦਾਰ ਦਵਿੰਦਰ ਸਿੰਘ ਹੋਰਾਂ ਨੂੰ ਇਹ ਗੱਲ ਪਸੰਦ ਨਹੀਂ ਆਈ। ਉਨ੍ਹਾਂ ਨੇ ਟੈਲੀਫੋਨ ਤੇ ਉਸਮਾਂ ਨੂੰ ਜੋ ਉਨ੍ਹਾਂ ਤੋਂ ਉਮਰ ਵਿੱਚ ਛੋਟੀ ਹੈ ਕਾਫੀ ਝਾੜਾਂ ਪਾਈਆਂ। ਉਸਮਾਂ ਨੂੰ ਕੋਈ ਜਵਾਬ ਨਹੀਂ ਆਇਆ। ਪਰ ਅਗਲੇ ਵਰੇ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ। ਇਸੇ ਕਰਕੇ ਹੀ ਸਰਦਾਰ ਦਵਿੰਦਰ

ਸਿੰਘ ਹੋਰਾਂ ਨੇ ਤਜਵੀਜ਼ ਪੇਸ਼ ਕੀਤੀ ਕਿ ਅੱਗੋਂ ਵਾਸਤੇ ਆਕਾਸ਼ਵਾਣੀ ਦਿੱਲੀ ਅਤੇ ਜਲੰਧਰ ਦਾ ਮਿਲਿਆ ਜੁਲਿਆ ਉਪ ਗ੍ਰਹਿ ਯੂਨਿਟ ਪਾਕਿਸਤਾਨ ਭੇਜਿਆ ਜਾਵੇ ਜੋ ਰੇਡੀਓ ਪਾਕਿਸਤਾਨ ਦੇ ਸਹਿਯੋਗ ਦਾ ਗੁਲਾਮ ਨਾ ਹੋਵੇ।

ਸਰਦਾਰ ਦਵਿੰਦਰ ਸਿੰਘ ਹੋਰਾਂ ਨੇ ਕਈ ਡਰਾਮੇ ਲਿਖੇ ਹਨ। ਉਹ ਡਰਾਮੇ ਦੇ ਵਿਸ਼ੇਸ਼ੱਗਿਆ ਸਮਝੇ ਜਾਂਦੇ ਹਨ। ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਇਆਂ ਬਾਰਾਂ ਸਾਲ ਬਾਅਦ ਵੀ ਆਕਾਸ਼ਵਾਣੀ ਦਿੱਲੀ ਦੇ ਡਰਾਮਾ ਵਿਭਾਗ ਦੇ ਸੰਚਾਲਕ ਉਨ੍ਹਾਂ ਦੀ ਲਗਾਤਾਰ ਲੋੜ ਮਹਿਸੂਸ ਕਰਦੇ ਹਨ। ਅਜੇ ਵੀ ਆਕਾਸ਼ਵਾਣੀ ਭਵਨ ਅਤੇ ਬਰੌਡ-ਕਾਸਟਿੰਗ ਹਾਊਸ ਵਿੱਚ ਉਨ੍ਹਾਂ ਦਾ ਫੇਰਾ ਹਫਤੇ ਵਿੱਚ ਇਕ ਦੋ ਵਾਰੀ ਲਗਦਾ ਹੀ ਰਹਿੰਦਾ ਹੈ।

ਗੁਰਮਤ ਸੰਗੀਤ ਅਤੇ ਡਰਾਮੇ ਤੋਂ ਇਲਾਵਾ ਸੁਗਮ ਅਤੇ ਫ਼ਿਲਮ ਸੰਗੀਤ ਦਾ ਵੀ ਸਰਦਾਰ ਦਵਿੰਦਰ ਸਿੰਘ ਨੂੰ ਬਹੁਤ ਸ਼ੌਂਸ ਹੈ। ਉਨ੍ਹਾਂ ਨੇ ਚਾਲ੍ਹੀਵਿਆਂ ਤੋਂ ਲੈ ਕੇ ਅੱਸੀਵਿਆਂ ਤਕ ਦਾ ਤਮਾਮ ਪੁਰਅਸਰ ਸੰਗੀਤ ਆਕਾਸ਼ਵਾਣੀ ਦਿੱਲੀ ਵਿੱਚ ਪੰਜਾਬੀ ਪਰੋਗਰਾਮ ਦੀ ਲਾਇਬਰੇਰੀ ਵਿੱਚ ਸਾਂਭ ਕੇ ਰੱਖਿਆ ਹੋਇਆ ਸੀ। ਇਸ ਸੰਗੀਤ ਵਿੱਚ ਕੇ. ਐਲ. ਸਹਿਗਲ, ਨੂਰਜਹਾਂ, ਜ਼ੀਨਤ ਬੇਗਮ ਅਤੇ ਲਤਾ ਮੰਗੇਸ਼ਕਰ ਦਾ ਨਾਯਾਬ ਸੰਗੀਤ ਵੀ ਸ਼ਾਮਿਲ ਸੀ। ਸ਼ਬਦ ਕੀਰਤਨ ਦੇ ਰਿਕਾਰਡਾਂ ਵਿੱਚ ਸੁਰਿੰਦਰ ਕੌਰ ਦੇ ਗਾਏ ਹੋਏ 1947 ਤੋਂ ਪਹਿਲਾਂ ਦੇ ਰਿਕਾਰਡ, ਭਾਈ ਸੰਤਾ ਸਿੰਘ ਜੀ, ਭਾਈ ਸੁਰਜਣ ਸਿੰਘ ਜੀ ਅਤੇ ਪ੍ਰਧਾਨ ਸਿੰਘ ਹਰਭਜਨ ਸਿੰਘ ਦੀ ਆਸਾ ਦੀ ਵਾਰ ਦੇ ਰਿਕਾਰਡ ਸ਼ਾਮਿਲ ਸੀ। ਸ. ਦਵਿੰਦਰ ਸਿੰਘ ਨੇ ਇਨ੍ਹਾਂ ਰਿਕਾਰਡਾਂ ਨੂੰ ਆਪਣੀ ਜਾਨ ਨਾਲੋਂ ਵੱਧ ਪਿਆਰ ਸਮਝ ਕੇ ਸਾਂਭ ਰੱਖਿਆ ਸੀ। ਹੁਣ ਕਿਉਂਕਿ ਉਹ ਸੇਵਾ ਮੁਕਤ ਹੋ ਚੁਕੇ ਹਨ ਕੋਈ ਪਤਾ ਨਹੀਂ ਕਿ ਇਨ੍ਹਾਂ ਪੁਰਾਲੇਖੀ ਮਹੱਤਤਾ ਵਾਲੇ ਰਿਕਾਰਡਾਂ ਦਾ ਕੀ ਹਸ਼ਰ ਹੋਇਆ ਹੈ।

ਇੱਕ ਵਿਸ਼ੇਸ਼ ਗੱਲ ਜਿਸਦਾ ਸਰਦਾਰ ਦਵਿੰਦਰ ਸਿੰਘ ਖੁਦ ਜ਼ਿਕਰ ਕਰਦੇ ਹਨ ਉਸਦਾ ਸਬੰਧ ਭਾਰਤ ਦੀ ਮਸ਼ਹੂਰ ਓ ਮੌਰੂਫ ਪਾਰਸ਼ ਗਾਇਕਾ ਲਤਾ ਮੰਗੇਸ਼ਕਰ ਨਾਲ ਹੈ। ਭਾਰਤ ਸਰਕਾਰ ਪੰਜਾਬੀ ਨੂੰ ਜਿੰਨੀ ਮਹੱਤਤਾ ਦੇਂਦੀ ਹੈ ਉਸਦਾ ਅੰਦਾਜ਼ਾ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਆਕਾਸ਼ਵਾਣੀ ਦਿੱਲੀ ਦੇ ਪੰਜਾਬੀ ਪਰੋਗਰਾਮ ਦਾ ਕਾਰਿਆਲਾ ਬਰੌਡਕਾਸਟਿੰਗ ਹਾਊਸ ਤੋਂ ਬਾਹਰ ਅੰਗਰੇਜ਼ ਦੇ ਵਕਤ ਦੀਆਂ ਪੁਰਾਣੀਆਂ ਟੁੱਟੀਆਂ ਫੁੱਟੀਆਂ ਬੈਰਕਸ ਵਿਚ ਬਣਾਇਆ ਗਿਆ ਹੈ। ਫਰਨੀਚਰ ਟੁੱਟਿਆ ਫੁੱਟਿਆ ਹੈ। ਇਸੇ ਦਫਤਰ ਵਿਚ ਹੀ ਸਰਦਾਰ ਦਵਿੰਦਰ ਸਿੰਘ ਕੰਮ ਕਰਦੇ ਸਨ ਅਤੇ ਇਸੇ ਹੀ ਦਫ਼ਤਰ ਵਿੱਚ ਲਤਾ ਮੰਗੇਸ਼ਕਰ ਇੱਕ ਦਿਨ ਅਚਾਨਕ ਹੀ ਉਨ੍ਹਾਂ ਨੂੰ ਮਿਲਣ ਵਾਸਤੇ ਆਣ ਟਪਕੀ। ਲਤਾ ਕਿਸੇ ਵਿਸ਼ੇਸ਼ ਕਾਰਜਕਰਮ ਦੇ ਸਿਲਸਿਲੇ ਵਿੱਚ ਦਿੱਲੀ ਆਈ ਹੋਈ ਸੀ। ਉਸਦੀ ਜ਼ਿੰਦਗੀ ਭਰ ਦੇ ਸਭ ਤੋਂ ਵਧ ਮਨਪਸੰਦ ਗੀਤਾਂ ਵਿਚੋਂ ਇੱਕ ਗੀਤ ਉਸਤਾਦ ਅੱਲਾ ਰੱਖਾ ਕੁਰੈਸ਼ੀ ਦਾ ਸੰਗੀਤ ਬੱਧ ਕੀਤਾ ਹੋਇਆ ਫਿਲਮ "ਮਦਾਰੀ" (ਪੰਜਾਬੀ) ਦਾ ਗੀਤ "ਰੱਸੀ ਉੱਤੇ ਟੰਗਿਆ ਦੁਪੱਟਾ ਮੇਰਾ ਡੋਲਦਾ" ਉਸਨੂੰ ਕਿਤਿਓਂ ਵੀ ਨਹੀਂ ਸੀ ਮਿਲ

ਰਿਹਾ। ਕਿਸੇ ਜਾਣਕਾਰ ਨੇ ਦੱਸ ਪਾਈ ਕਿ ਇਹ ਗੀਤ ਸਰਦਾਰ ਦਵਿੰਦਰ ਸਿੰਘ ਹੋਰਾਂ ਕੋਲੋਂ ਮਿਲ ਸਕਦਾ ਹੈ। ਲਤਾ ਨੇ ਇਸ ਰਿਕਾਰਡ ਨੂੰ ਪ੍ਰਾਪਤ ਕਰਨ ਵਾਸਤੇ ਸਰਦਾਰ ਦਵਿੰਦਰ ਸਿੰਘ ਹੋਰਾਂ ਅੱਗੇ ਬੇਨਤੀ ਕੀਤੀ। ਸਰਦਾਰ ਦਵਿੰਦਰ ਸਿੰਘ ਹੋਰਾਂ ਨੇ ਉੱਤਰ ਵਿੱਚ ਆਖਿਆ ਕਿ ਰਿਕਾਰਡ ਉਨ੍ਹਾਂ ਕੋਲ ਹੈ ਪਰ ਇਹ ਰਿਕਾਰਡ ਸਰਕਾਰ ਦੀ ਮਲਕੀਅਤ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਦਿੱਤਾ ਨਹੀਂ ਜਾ ਸਕਦਾ ਪਰ ਲਤਾ ਮੰਗੇਸ਼ਕਰ ਦੇ ਵਿਅਕਤੀਗਤ ਸਤਿਕਾਰ ਵਜੋਂ ਇਸ ਰਿਕਾਰਡ ਦੀ ਕਾਪੀ ਟੇਪ ਕਰਕੇ ਉਹ ਉਸਨੂੰ ਦੇ ਸਕਦੇ ਹਨ। ਲਤਾ ਇਹ ਰਿਕਾਰਡਿੰਗ ਪ੍ਰਾਪਤ ਕਰਕੇ ਬੜੀ ਪ੍ਰਸੰਨ ਹੋਈ।

ਸਰਦਾਰ ਦਵਿੰਦਰ ਸਿੰਘ ਪ੍ਰਸਾਰਨ ਕਲਾ ਦੇ ਮਾਸਟਰ ਹਨ। ਪ੍ਰੋਗਰਾਮ ਦੀ ਸਿਗਨੇਚਰ ਟਿਊਨ ਤੋਂ ਲੈ ਕੇ ਗੀਤਾਂ ਦੀ ਅਨਾਊਂਸਮੈਂਟ ਅਤੇ ਹੋਰ ਅਨਾਊਂਸਮਿੰਟਸ ਸਮੇਤ ਸਾਰੇ ਪ੍ਰੋਗਰਾਮ ਦੀ ਸੰਪੂਰਨ ਰੂਪ ਰੇਖਾ ਨਿਰਧਾਰਤ ਕਰਨੀ ਸਰਦਾਰ ਦਵਿੰਦਰ ਸਿੰਘ ਦੀ ਪ੍ਰਤੀਭਾ ਦੀ ਖਾਸੀਅਤ ਹੈ। ਉਨ੍ਹਾਂ ਨੂੰ ਪਤਾ ਹੈ ਕਿ ਕਿਥੇ ਫੇਡ ਇਨ ਕਰਨਾ ਹੈ, ਕਿੱਥੇ ਫੇਡ ਆਊਟ ਕਰਨਾ ਹੈ, ਕਿੰਨਾ ਵਕਫਾ ਦੇਣਾ ਹੈ, ਕਿਹੜੇ ਅੱਖਰ ਤੇ ਵਧੇਰੇ ਵਜ਼ਨ ਦੇਣਾ ਹੈ ਅਤੇ ਕਿਥੇ ਵਜ਼ਨ ਘਟਾਉਣਾ ਹੈ। ਹੋਰ ਅਨਾਊਂਸਰਾਂ ਨੂੰ ਅਜੇ ਉਨ੍ਹਾਂ ਕੋਲੋਂ ਬੜਾ ਕੁਝ ਸਿੱਖਣ ਦੀ ਲੋੜ ਹੈ।

ਸਰਦਾਰ ਦਵਿੰਦਰ ਸਿੰਘ ਦੇ ਕਥਨ ਅਨੁਸਾਰ ਅੱਧੇ ਘੰਟੇ ਦਾ ਜਾਂ ਇੱਕ ਘੰਟੇ ਦਾ ਵਕਤ ਤਾਂ ਹਰ ਕੋਈ ਟਪਾ ਸਕਦਾ ਹੈ ਪਰ ਪ੍ਰੋਗਰਾਮ ਨੂੰ ਆਕਰਸ਼ਤ ਕਰਨ ਵਾਸਤੇ ਪ੍ਰੋਗਰਾਮ ਉਪਰ ਜਾਨ ਮਾਰਨੀ ਪੈਂਦੀ ਹੈ। ਫ਼ਿਲਮੀ ਗੀਤ ਦਾ ਨਾਉਂ ਲੈ ਕੇ ਰਿਕਾਰਡ ਵਜਾ ਦੇਣਾ ਬੜਾ ਸੌਖਾ ਹੈ ਪਰ ਗੀਤਾਂ ਨੂੰ ਇੱਕ ਲੜੀ ਵਿੱਚ ਜੋੜਨਾ, ਉਨ੍ਹਾਂ ਦੀਆਂ ਖ਼ਾਸੀਅਤਾਂ ਦਾ ਜ਼ਿਕਰ ਕਰਨਾ, ਉਸਨੂੰ ਦਿਲਚਸਪ ਬਣਾਉਂਦਾ ਹੈ। ਮਿਸਾਲ ਦੇ ਤੌਰ ਤੇ ਲਤਾ ਮੰਗੇਸ਼ਕਰ ਦੇ ਗਾਏ ਹੋਏ ਇੱਕ ਦੋ ਸ਼ਬਦ ਅਤੇ ਤਿੰਨ ਚਾਰ ਪੰਜਾਬੀ ਗੀਤ ਸੁਣਾਉਣੇ ਔਖੇ ਨਹੀਂ ਪਰ ਲਤਾ ਨੂੰ ਲੜੀਵਾਰ ਢੰਗ ਨਾਲ ਮਦਾਰੀ, ਭੁੰਮਣ, ਲੱਛੀ, ਵਣਜਾਰਾ ਆਦਿ ਫਿਲਮਾਂ ਦੇ ਗੀਤ ਚੁਣਕੇ ਉਨ੍ਹਾਂ ਨੂੰ ਲੜੀ ਵਿੱਚ ਪਰੋ ਕੇ ਚਟਖ਼ਾਰੇ ਲੈ ਲੈ ਕੇ ਪੇਸ਼ ਕਰਨਾ ਦਵਿੰਦਰ ਸਿੰਘ ਦਾ ਹੀ ਕੰਮ ਹੈ।

ਰੇਡੀਓ ਦੀ ਅਨਾਊਂਸਮੈਂਟ ਤਾਂ ਇੱਕ ਪਾਸੇ ਰਹੀ ਸਰਦਾਰ ਦਵਿੰਦਰ ਸਿੰਘ ਆਕਾਸ਼ਬਾਣੀ ਦੇ ਨਿਊਜ਼ ਰੀਡਰਜ਼ ਨੂੰ ਵੀ ਖ਼ਬਰਾਂ ਪੜ੍ਹਨ ਦਾ ਵੱਲ ਸਿਖਾ ਸਕਦੇ ਹਨ। ਅਮਰ ਸਿੰਘ ਕੋਮਲ, ਸੁਖਵੰਤ ਸਿੰਘ ਢਿੱਲੋਂ, ਸ਼ੀਲਾ ਸਾਹਨੀ ਅਤੇ ਸੁਰਿੰਦਰ ਬੱਤਰਾ ਦਵਿੰਦਰ ਸਿੰਘ ਨਾਲ ਬੈਠਕੇ ਆਮ ਤੌਰ ਤੇ ਖਬਰਾਂ ਪੜ੍ਹਨ ਵਾਸਤੇ ਪੰਜਾਬੀ ਦਾ ਮਿੱਠਾ ਅਤੇ ਸਹੀ ਉਚਾਰਨ ਵਿਚਾਰਦੇ ਰਹੇ ਹਨ।

ਇੱਕ ਕਾਮਯਾਬ ਪ੍ਰਸਾਰਨ ਕਰਤਾ ਬਣਨ ਵਾਸਤੇ ਕੇਵਲ ਆਪਣੇ ਕੰਮ ਤੇ ਹੀ ਹਾਵੀ ਹੋਣਾ ਕਾਫੀ ਨਹੀਂ ਉਸਨੂੰ ਆਪਣੇ ਆਲੇ ਦੁਆਲੇ ਅਤੇ ਦੂਰ ਨੇੜੇ ਦੀ ਵੀ ਖ਼ਬਰ ਸਾਰ ਹੋਣੀ ਚਾਹੀਦੀ ਹੈ। ਸਰਦਾਰ ਦਵਿੰਦਰ ਸਿੰਘ ਦਿੱਲੀ ਦੇ ਰਾਸ਼ਟਰੀ ਅੰਗਰੇਜ਼ੀ ਭਾਸ਼ਾ ਦੇ ਅਖ਼ਬਾਰਾਂ ਦੇ ਨਾਲ ਨਾਲ ਹੀ ਪੰਜਾਬੀ ਦਾ ਅਜੀਤ ਅਖ਼ਬਾਰ ਅਤੇ ਪ੍ਰੀਤ ਲੜੀ ਅਤੇ

ਨਾਗਮਣੀ ਜਿਹੇ ਰਸਾਲੇ ਵੀ ਬਾਕਾਇਦਗੀ ਨਾਲ ਪੜ੍ਹਦੇ ਹਨ। ਪੰਜਾਬੀ ਦੀ ਕਾਵਿ ਕਲਾ, ਕਹਾਣੀਕਾਰੀ, ਨਾਟਕਕਾਰੀ ਅਤੇ ਨਾਵਲਕਾਰੀ ਵਿੱਚ ਨਿੱਤ ਦੇ ਆ ਰਹੇ ਪਰਿਵਰਤਨਾਂ ਤੋਂ ਉਹ ਪੂਰੀ ਤਰ੍ਹਾਂ ਜਾਣੂ ਰਹਿੰਦੇ ਹਨ।

ਸਰਦਾਰ ਦਵਿੰਦਰ ਸਿੰਘ ਪੰਜਾਬੀ ਭਾਸ਼ਾ ਦੇ ਸੰਸਕ੍ਰਿਤੀ ਕਰਨ ਦੇ ਸਖਤ ਵਿਰੋਧੀ ਹਨ। ਉਨ੍ਹਾਂ ਦੀ ਪੰਜਾਬੀ ਠੇਠ ਪੰਜਾਬੀ ਹੈ, ਪਰ 1947 ਤੋਂ ਪਹਿਲਾਂ ਦੀ ਪੰਜਾਬੀ ਵਿੱਚ ਜਿਹੜੇ ਫਾਰਸੀ ਦੇ ਸ਼ਬਦ ਜਮਾ ਹੋ ਚੁਕੇ ਸਨ ਉਨ੍ਹਾਂ ਨੂੰ ਵੀ ਪੰਜਾਬੀ ਵਿਚੋਂ ਕੱਢਣ ਦੇ ਉਹ ਖ਼ਿਲਾਫ ਹਨ। ਸਰਦਾਰ ਦਵਿੰਦਰ ਸਿੰਘ ਜਦੋਂ ਵੀ ਕਿਸੇ ਪਰੋਗਰਾਮ ਦੀ ਸਕਰਿਪਟ ਲਿਖਦੇ ਸਨ, ਉਸਨੂੰ ਵਾਰ ਵਾਰ ਸਵਾਰਦੇ ਵੀ ਸਨ। ਇਥੇ ਹੀ ਬੱਸ ਨਹੀਂ, ਉਹ ਅਨਾਊਂਸਰ ਦੀ ਵੀ ਪੂਰੀ ਤਿਆਰੀ ਕਰਵਾਉਂਦੇ ਸਨ ਤਾ ਕਿ ਅਨਾਊਸਮੈਂਟ ਵਲੋ ਕੋਈ ਗਲਤੀ ਨਾ ਹੋ ਜਾਵੇ। ਬਹੁਤ ਸਾਰੇ ਪ੍ਰੋਗਰਾਮ ਪਹਿਲਾਂ ਹੀ ਕੋਨ ਕਰਵਾ ਕੇ ਰੱਖ ਲੈਂਦੇ ਸਨ ਤਾਂ ਕਿ ਟੇਪ ਹੀ ਵਜਾਈ ਜਾ ਸਕੇ। ਜਦੋਂ ਵੀ ਕੋਈ ਖਾਸ ਪ੍ਰਗਰਾਮ ਪੇਸ਼ ਕਰਨ ਦਾ ਮੌਕਾ ਮਿਲੇ ਸਰਦਾਰ ਦਵਿੰਦਰ ਸਿੰਘ ਉਸਨੂੰ ਬਾਖੂਬੀ ਨਿਭਾਂਦੇ ਸਨ।

ਸਰਦਾਰ ਦਵਿੰਦਰ ਸਿੰਘ ਗੁਰੂ ਨਾਨਕ ਦੇਵ ਜੀ ਵਿਚ ਅਥਾਹ ਸ਼ਰਧਾ ਰੱਖਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਜਿੰਨਾ ਦੇਰ ਤਾਈਂ ਤੁਸੀਂ ਗੁਰੂ ਗੋਬਿੰਦ ਸਿੰਘ ਵਿਚ ਪੂਰੀ ਨਿਸ਼ਚਾ ਨਹੀਂ ਰੱਖਦੇ ਤੁਸੀਂ ਗੁਰੂ ਨਾਨਕ ਦੇਵ ਜੀ ਵਿਚ ਵੀ ਸੱਚੀ ਨਿਸ਼ਚਾ ਨਹੀਂ ਰੱਖਦੇ। ਸਰਦਾਰ ਦਵਿੰਦਰ ਸਿੰਘ ਬਗੈਰ ਸੋਚੇ ਵਿਚਾਰੇ ਪਾਠ ਕਰਨ ਨੂੰ ਯੋਗ ਨਹੀਂ ਸਮਝਦੇ। ਉਨ੍ਹਾਂ ਦਾ ਤਰਕ ਹੈ ਕਿ ਜਿੰਨੀ ਦੇਰ ਤਾਈਂ ਤੁਸੀਂ ਪਾਠ ਨੂੰ ਵਿਚਾਰਦੇ ਨਹੀਂ, ਉਸਦਾ ਭਾਵ ਹਿਰਦੇ ਵਿਚ ਨਹੀਂ ਵਸਾਉਂਦੇ ਓਨੀ ਦੇਰ ਤਾਈਂ ਤੁਸੀਂ ਬੱਸ ਮੂੰਹ ਵਿਚੋਂ ਆਵਾਜ਼ ਹੀ ਕੱਢਦੇ ਹੋ।

ਸਰਦਾਰ ਦਵਿੰਦਰ ਸਿੰਘ ਅੰਮ੍ਰਿਤਾ ਪ੍ਰੀਤਮ ਦੇ ਬੜੇ ਨਜ਼ਦੀਕ ਹਨ। ਪਰ ਅੰਮ੍ਰਿਤਾ ਪ੍ਰੀਤਮ ਦੀ ਨਾਸਤਿਕਤਾ ਦਾ ਉਨ੍ਹਾਂ ਉੱਪਰ ਕੋਈ ਪ੍ਰਭਾਵ ਨਹੀਂ ਪਿਆ। ਉਹ ਕਾਵਿ ਕਲਾ ਦੇ ਬੜੇ ਪ੍ਰੇਮੀ ਹਨ। ਭਾਈ ਵੀਰ ਸਿੰਘ ਜੀ, ਪਰੋਫੈਸਰ ਮੋਹਨ ਸਿੰਘ ਜੀ ਅਤੇ ਸ਼ਿਵ ਕੁਮਾਰ ਬਟਾਲਵੀ ਨੂੰ ਉਹ ਦਿਲੋਂ ਸਰਾਹੁੰਦੇ ਹਨ। ਉਨ੍ਹਾਂ ਨੇ ਸੱਤਰਵਿਆਂ ਵਿਚ ਗਰਾਮੋਫੋਨ ਕੰਪਨੀ ਆਫ਼ ਇੰਡਿਆ ਵਾਸਤੇ ਇਕ ਲੌਂਗ ਪਲੇਇੰਗ ਰਿਕਾਰਡ ਬਣਵਾਇਆ ਸੀ ਜਿਸ ਵਿਚ ਪੰਜਾਬ ਦੇ ਕਦੀਮੀ ਸ਼ਾਇਰ ਪੀਲੂ, ਹਾਸ਼ਮ, ਬੁੱਲੇ, ਸ਼ਾਹ, ਖਵਾਜ਼ਾ ਗੁਲਾਮ ਫਰੀਦ ਅਤੇ ਹੋਰ ਪੁਰਾਤਨ ਪੰਜਾਬੀ ਸਾਇਰਾਂ ਦੀਆਂ ਰਚਨਾਵਾਂ ਨੂੰ ਸੁਰਿੰਦਰ ਕੌਰ ਅਤੇ ਆਸਾ ਸਿੰਘ ਮਸਤਾਨਾ ਦੀਆਂ ਆਵਾਜ਼ਾਂ ਵਿਚ ਗਵਾਇਆ ਸੀ। ਇਹ ਇਕ ਮਾਸਟਰ ਪੀਸ ਰਿਕਾਰਡ ਹੈ। ਅਕਾਸ਼ਵਾਣੀ ਦਿੱਲੀ ਤੇ ਕੰਮ ਕਰਦੇ ਹੋਏ ਵੀ ਸਰਦਾਰ ਦਵਿੰਦਰ ਸਿੰਘ ਅਕਾਸ਼ਵਾਣੀ ਜਲੰਧਰ ਅਤੇ ਰੇਡੀਓ ਪਾਕਿਸਤਾਨ ਲਾਹੌਰ ਦੇ ਪਸਾਰਨ ਸੁਣਿਆਂ ਕਰਦੇ ਸਨ।

ਅਕਾਸ਼ਵਾਣੀ ਜਲੰਧਰ ਦੇ ਅਨਾਊਂਸਰਾਂ ਤੇ ਸਰਦਾਰ ਦਵਿੰਦਰ ਸਿੰਘ ਹੋਰਾਂ ਨੂੰ ਤਰਸ ਹੀ ਆਉਂਦਾ ਹੈ। ਉਨ੍ਹਾਂ ਨੂੰ ਦੁੱਖ ਵੀ ਹੈ ਕਿ ਪੰਜਾਬ ਦੇ ਕੈਪੀਟਲ ਸਟੇਸ਼ਨ ਦੇ ਅਧਿਕਾਰੀ ਵੀ ਆਪਣੇ ਅਨਾਉਸਰ ਨੂੰ ਮਿਆਰੀ ਪੰਜਾਬੀ ਵਿਚ ਬੋਲਣ ਦੀ ਤਰਬੀਅਤ

ਨਹੀਂ ਦੇ ਸਕੇ । ਜਲੰਧਰ ਦੇ ਮੁਕਾਬਲੇ ਵਿਚ ਲਾਹੌਰ ਇਕ ਅਜਿਹਾ ਕੇਂਦਰ ਹੈ ਜਿਥੇ ਪੰਜਾਬੀ ਦਾ ਗਲ ਘੁਟਿਆ ਜਾ ਰਿਹਾ ਹੈ ਪਰ ਇਸ ਦੇ ਬਾਵਜੂਦ ਵੀ ਲਾਹੌਰ ਦਾ ਪੰਜਾਬੀ ਦੀਆਂ ਅਨਾਉਂਮਿੰਟਸ ਦਾ ਮਿਆਰ ਜਲੰਧਰ ਦੀ ਬਨਿਸਬਤ ਬੜਾ ਉੱਚਾ ਬਣਿਆ ਹੋਇਆ ਹੈ । ਲਾਹੌਰ ਦੇ ਕਲਾਕਾਰ ਵੀ ਜਲੰਧਰ ਨਾਲੋਂ ਬੇਹਤਰ ਅਤੇ ਵਧੇਰੇ ਨਾਮੀ ਕਰਾਮੀ ਹਨ । ਲਾਹੌਰ ਦਾ ਔਰਕੈਸਟਰਾ ਵੀ ਜਲੰਧਰ ਨਾਲੋਂ ਬੇਹਤਰ ਹੈ ।

ਪੰਜਾਬ ਦੇ ਮਸ਼ਹੂਰ ਸਟੇਜ ਕਲਾਕਾਰ ਮਰਹੂਮ ਦੀਨਾ ਨਾਥ ਜ਼ੁਤਸ਼ੀ ਦਾ ਸਰਦਾਰ ਦਵਿੰਦਰ ਸਿੰਘ ਹੋਰਾਂ ਨਾਲ ਬੜਾ ਪਿਆਰ ਸੀ । ਜ਼ੁਤਸ਼ੀ ਹੋਰੀਂ ਹਮੇਸ਼ਾਂ ਸਰਦਾਰ ਦਵਿੰਦਰ ਸਿੰਘ ਨਾਲ ਬੈਠਕੇ ਬੀਤ ਚੁਕੇ ਜ਼ਮਾਨੇ ਦੀਆਂ ਇਛਾਈਆਂ ਦਾ ਜ਼ਿਕਰ ਕਰਦੇ ਸਨ । ਜ਼ੁਤਸ਼ੀ ਹੋਰਾਂ ਨੂੰ ਸਿਗਰਟ ਨੋਸ਼ੀ ਦੀ ਬੜੀ ਭੈੜੀ ਆਦਤ ਸੀ, ਪਰ ਸਰਦਾਰ ਦਵਿੰਦਰ ਸਿੰਘ ਹੋਰਾਂ ਦ ਦਫ਼ਤਰ ਵਿਚ ਬੈਠ ਕੇ ਉਹ ਕਦੀ ਵੀ ਸਿਗਰਟ ਨਹੀਂ ਸਨ ਪੀਂਦੇ । ਵੇਖਣ ਨੂੰ ਸਰਦਾਰ ਦਵਿੰਦਰ ਸਿੰਘ ਬੜੇ ਭੋਲੇ ਭਾਲੇ ਅਤੇ ਕਮਜ਼ੋਰ ਜਹੇ ਵਿਅਕਤੀ ਜਾਪਦੇ ਹਨ । ਪਰ ਆਪਣੇ ਕੰਮ ਵਿਚ ਉਹ ਕਦੀ ਲਿਹਾਜ਼ ਬਾਜ਼ੀ ਨਹੀਂ ਸਨ ਕਰਦੇ । ਕੰਮ ਮਾੜਾ ਹੋਇਆ ਹੋਵੇ ਤਾਂ ਉਹ ਰੀਪੀਟ ਕਰਵਾਉਂਦੇ ਸਨ । ਸੁਰਿੰਦਰ ਕੌਰ ਅਕਾਸ਼ਵਾਣੀ ਦੀ ਸਪੈਸ਼ਲ ਗਰੇਡ ਆਰਟਿਸਟ ਹੈ ਜੋ ਏ ਗਰੇਡ ਤੋਂ ਵੀ ਉੱਪਰ ਹੈ । ਪਰ ਜਦੋਂ ਵੀ ਕਦੀ ਸੁਰਿੰਦਰ ਕੌਰ ਠੀਕ ਕੰਮ ਨਹੀਂ ਸੀ ਕਰਦੀ, ਸਰਦਾਰ ਦਵਿੰਦਰ ਸਿੰਘ ਉਸਦੇ ਮੂੰਹ ਤੇ ਹੀ ਉਸਦੀ ਨੁਕਤਾਚੀਨੀ ਕਰ ਦੇਂਦੇ ਸਨ । ਆਸਾ ਸਿੰਘ ਮਸਤਾਨਾ ਨਾਲ ਭੀ ਇਹੋ ਜਿਹਾ ਹੀ ਸਲੂਕ ਸਰਦਾਰ ਦਵਿੰਦਰ ਸਿੰਘ ਕਰਦੇ ਸਨ ।

ਪੱਤਰਾਂ ਦੇ ਉੱਤਰ ਸਰਦਾਰ ਦਵਿੰਦਰ ਸਿੰਘ ਖ਼ੁਦ ਦਿਆ ਕਰਦੇ ਸਨ । ਉਹ ਆਕਾਸ਼ਵਾਣੀ ਜਲੰਧਰ ਦੇ ਪਰੋਗਰਾਮ ਐਗਜ਼ੇਕਟਿਵ ਸੋਹਣ ਸਿੰਘ ਮੀਸ਼ਾ ਦੇ ਬੜੇ ਕਦਰਦਾਨ ਸਨ ਪਰ ਮੀਸ਼ਾ ਜੀ ਦੀ ਅਣਗਹਿਲੀਆਂ ਵਾਲੀ ਤਬੀਅਤ ਤੋਂ ਉਹ ਬੇਜ਼ਾਰ ਸਨ । ਡਰਾਮਿਆਂ ਦਾ ਬਾਦਸ਼ਾਹ ਅਤੇ ਰੇਡੀਓ ਪ੍ਰਸਾਰਨਾਂ ਦਾ ਥੰਮ੍ਹ ਸਰਦਾਰ ਦਵਿੰਦਰ ਸਿੰਘ ਅਜ ਕਲ੍ਹ ਗੁਮਨਾਮੀ ਵਿੱਚ ਦਿਨ ਕੱਟ ਰਿਹਾ ਹੈ । ਉਨ੍ਹਾਂ ਦੀ ਪ੍ਰਤੀਭਾ ਤੋਂ ਬੜਾ ਲਾਭ ਲਿਆ ਜਾ ਸਕਦਾ ਹੈ ਪਰ ਕਿਸੇ ਨੂੰ ਅਜਿਹੀ ਚੀਜ਼ ਸੁਝੇ ਤੇ ਸਹੀ ।

# ਭਾਈ ਮਰਦਾਨਾ ਜੀ

—ਹਰਬੰਸ ਕੌਰ (ਯੂ. ਕੇ.)

## ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ

ਜਦੋਂ ਭਾਈ ਮਰਦਾਨਾ ਜੀ ਦੇ ਮਾਤਾ ਜੀ ਮਰਦਾਨੇ ਨੂੰ ਨਾਲ ਲਈ ਗੁਰੂ ਨਾਨਕ ਦੇਵ ਜੀ ਪਾਸ ਆਏ ਤਾਂ ਗੁਰੂ ਸਾਹਿਬ ਨੇ ਉਸ ਦਾ ਨਾਂ ਪੁਛਿਆ, ਤਾਂ ਮਾਤਾ ਜੀ ਨੇ ਕਿਹਾ ਮਰਜਾਨਾ, ਕਿਉਂਕਿ ਉਸ ਦੀ ਔਲਾਦ ਨਹੀਂ ਸੀ ਬਚਦੀ, ਉਸ ਨੇ ਕਿਹਾ ਇਸ ਵੀ ਮਰ ਤਾਂ ਜਾਣਾ ਹੀ ਹੈ, ਇਸ ਲਈ ਨਾਮ ਹੀ ਮਰਜਾਨਾ ਰਖ ਦਿਤਾ। ਇਹ ਸੁਣ ਕੇ ਧੰਨ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ ਕਿ ਇਹਦਾ ਨਾਮ ਮਰਦਾਨਾ ਰਖ ਦਿਉ, ਕਿ ਮਰਦਾ-ਨਾ ਤੇ ਇਹ ਨਹੀਂ ਮਰਦਾ। ਸੋ ਸਾਧ ਬਚਨ ਅਟੱਲ ਹੋਏ ਤੇ ਭਾਈ ਮਰਦਾਨਾ ਜੀ ਅਮਰ ਹੋ ਗਏ।

ਭਾਈ ਮਰਦਾਨਾ ਜੀ ਧੰਨਤਾ ਯੋਗ ਹਨ; ਜਿਨ੍ਹਾਂ ਰਜ ਕੇ ਸਤਿਗੁਰੂ ਜੀ ਦੀ ਸੰਗਤ ਮਾਣੀ ਤੇ ਬਚਨ ਬਿਲਾਸ ਵੀ ਕਰਦੇ ਰਹੇ, ਜਿਨ੍ਹਾਂ ਦੀਆਂ ਸਾਖੀਆਂ ਅਸੀਂ ਪੜ੍ਹਦੇ ਹਾਂ। ਜੇ ਕਿਤੇ ਭੁੱਖ ਤ੍ਰੇਹ ਵੀ ਲਗਦੀ ਰਹੀ ਤਾਂ ਪੰਜੇ ਦਾ ਖੇਲ੍ਹ ਵੀ ਰਚੀਂਦਾ ਰਿਹਾ ਤੇ ਆਖਿਆ,

ਤੁਸੀਂ ਹੋ ਪਵਣ ਅਹਾਰੀ
ਬਾਲਾ ਹੈ ਸੰਤੋਖਾ ਧਾਰੀ
ਮੈਨੂੰ ਹੈ ਭੁਖ ਦੀ ਬੀਮਾਰੀ।

ਬਾਬਾ ਜੀ ਨੇ ਬਚਨ ਕਰਨਾ ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ, ਤੇ ਫਿਰ ਕੀਰਤਨ ਹੋਣਾ

ਬਾਬਾ ਜੇ ਘਰਿ ਕਰਤੇ ਕੀਰਤਿ ਹੋਇ।
ਸੋ ਘਰੁ ਰਾਖੁ ਵਡਾਈ ਤੋਇ।

ਕੀਰਤਨ ਵਿਚ ਵੱਡੀ ਸ਼ਕਤੀ ਹੈ 'ਕਰਿ ਕੀਰਤਨ ਹੋਇ ਅਧਾਰਾ' ਕਲਜੁਗ ਮਹਿ ਕੀਰਤਨ ਪਰਧਾਨਾ ਗੁਰਮੁਖ ਜਪੀਐ ਲਾਇ ਧਿਆਨਾ।

ਕੀਰਤਨ ਅਰਥਾਤ ਕੀ ਰਤਨ ? ਮਤਲਬ ਕਿ ਇਸ ਦੇ ਮੁਕਾਬਲੇ ਰਤਨ ਵੀ ਕੀ ਚੀਜ਼ ਹੈ! ਇਹ ਕੱਚ ਤੇ ਪੱਥਰ ਕੀ ਚੀਜ਼ ਹਨ ! ਕੀਰਤਨ ਤੋਂ ਕਈ ਨਿਛਾਵਰ ਕੀਤੇ ਜਾ ਸਕਦੇ ਹਨ। ਕੀਰਤਨ ਦੀ ਪਧਤੀ ਬਹੁਤ ਵੱਡੀ ਹੈ।

## ਕੀਰਤਨ ਨਿਰਮੋਲਕ ਹੀਰਾ

'ਅੰਮ੍ਰਿਤ ਰਸ ਹਰਿ ਕੀਰਤਨੋ ਕੋ ਵਿਰਲਾ ਪੀਵੈ।' ਜਿਥੇ ਨਿਰੋਲ ਕੀਰਤਨ ਹੈ ਉਥੇ ਹੀ ਮਨ ਟਿਕਾਉ ਵਿਚ ਰਹਿੰਦਾ ਹੈ। ਕਈ ਰਾਗੀ ਸਿੰਘ ਸਿਨਮੇ ਦੀਆਂ ਸੁਰਾਂ ਲਾਉਂਦੇ ਹਨ। ਮਨ ਰੱਜੀ ਤੇ ਟੰਗੇ ਦੁਪੱਟੇ ਵਾਂਗ ਡੋਲਦਾ ਹੈ। ਪੁਰਾਤਨ ਮਹਾਂਪੁਰਸ਼ ਸਿਧੀਆਂ ਧਾਰਨਾਂ ਨਾਲ ਬਾਣੀ ਗਾਇਨ ਕਰਦੇ ਸਨ, ਮਨ ਝੂਮ ਉਠਦਾ ਸੀ। ਆਤਮਾ ਅਰਸ਼ਾਂ ਤੇ ਪੁਜਦੀ ਸੀ ਤੇ ਰੱਬੀ ਰੰਗ ਮਾਣਦੀ ਸੀ।

ਨਾਟਕ ਚੇਟਕ ਕਰੂੰ ਕੁ ਕਾਜਾ
ਪ੍ਰਭਿ ਲੋਗਨ ਕੋ ਆਵਤ ਲਾਜਾ

ਜਪੁਜੀ ਸਾਹਿਬ ਤੋਂ ਇਲਾਵਾ ਸਾਰੀ ਬਾਣੀ ਰਾਗਾਂ ਵਿਚ ਹੈ ਸੋ ਕੀਰਤਨ ਸੰਬੰਧਤ ਰਾਗਾਂ ਵਿਚ ਹੀ ਹੋਣਾ ਚਾਹੀਦਾ ਹੈ।

# ਪੰਜਾਬ

ਹਰਬੰਸ ਕੌਰ (ਯੂ. ਕੇ.)

ਮੇਰਾ ਪੰਜਾਬ ਸੋਹਣਾ ਪੰਜਾਬ
ਇਥੇ ਮਰਦਾਨੇ ਦੀ ਵੱਜੀ ਰਬਾਬ ।
ਇਸ ਪੰਜਾਬ ਗੁਰੂ ਨਾਨਕ ਆਏ
ਰਾਇ ਤਲਵੰਡੀ ਨੂੰ ਭਾਗ ਲਾਏ
ਇਥੇ ਮਰਦਾਨੇ ਦੀ ਵੱਜੀ ਰਬਾਬ
ਮੇਰਾ ਪੰਜਾਬ ਸੋਹਣਾ ਪੰਜਾਬ।
ਇਥੇ ਬਾਣੀ ਦੀ ਬੀੜ ਰਚਾਈ
ਪੰਜ ਦਰਿਆ ਦੀ ਧਰਤੀ ਸੁਹਾਈ
ਮਨ ਖਿੜਦਾ ਜਿਵੇਂ ਖਿੜੇ ਗੁਲਾਬ
ਮੇਰਾ ਪੰਜਾਬ ਸੋਹਣਾ ਪੰਜਾਬ
ਇਥੇ ਮਰਦਾਨੇ ਦੀ ਵੱਜੀ ਰਬਾਬ ।
ਇਸ ਪੰਜਾਬ 'ਚ ਹੈ ਹਰਿਮੰਦਰ
ਕੀਰਤਨ ਹੁੰਦਾ ਜਿਸ ਦੇ ਅੰਦਰ
ਦਰਸ਼ਨ ਭੇਟਤ ਮੁਕਣ ਹਿਸਾਬ
ਮੇਰਾ ਪੰਜਾਬ ਸੋਹਣਾ ਪੰਜਾਬ
ਇਥੇ ਮਰਦਾਨੇ ਦੀ ਵੱਜੀ ਰਬਾਬ ।
ਵਿਛੜ ਗਿਆ ਹੈ ਪੰਜਾ ਸੋਹਣਾ
ਨਨਕਾਣਾ ਸਾਹਿਬ ਮਨ ਨੂੰ ਮੋਹਣਾ
ਰਾਤ ਦਿਨ ਪਏ ਆਉਂਦੇ ਖਾਬ
ਮੇਰਾ ਪੰਜਾਬ ਸੋਹਣਾ ਪੰਜਾਬ
ਇਥੇ ਮਰਦਾਨੇ ਦੀ ਵੱਜੀ ਰਬਾਬ ।
ਇਥੇ ਪੰਜ ਪਿਆਰੇ ਥਾਪੇ
ਪੰਜ ਰਹਿਤਾਂ ਰੱਖ ਸਿੱਖ ਜਿਵਾਪੇ
ਪੰਜ ਕੁਰਹਿਤਾਂ ਤੋਂ ਹਟਾ ਕੇ
ਪੰਜ ਬਾਣੀਆਂ ਦਾ ਦਿੱਤਾ ਜਾਪ
ਕੋਈ ਨਾ ਦੇ ਸਕੇ ਹਿਸਾਬ
ਬੰਸੋ ਨਾ ਕਰ ਵਕਤ ਖਰਾਬ
ਮੇਰਾ ਪੰਜਾਬ ਸੋਹਣਾ ਪੰਜਾਬ
ਇਥੇ ਮਰਦਾਨੇ ਦੀ ਵੱਜੀ ਰਬਾਬ ।

# ਰਾਗੀ ਭਾਈ ਇੰਦਰ ਸਿੰਘ ਜੀ ਗੁਜਰਾਂਵਾਲੇ (ਸੀਤਾ ਪੁਰੀਏ)

ਤੀਰਥ ਸਿੰਘ
4 ਗੁਰੂ ਗੋਬਿੰਦ ਸਿੰਘ ਮਾਰਕੀਟ
ਗਰਾਂਟ ਰੋਡ ਸਹਾਰਨਪੁਰ

ਰਾਗੀ ਭਾਈ ਇੰਦਰ ਸਿੰਘ ਜੀ ਪ੍ਰਸਿੱਧ ਪੁਰਾਤਨ ਕੀਰਤਨਕਾਰ ਹੋਏ ਹਨ। ਆਪ ਸੀਤਾਪੁਰ ਯੂ. ਪੀ. ਤੋਂ ਗੁਜਰਾਂ ਵਾਲੇ ਦੇ ਨਾਮ ਨਾਲ ਪ੍ਰਸਿੱਧ ਸਨ। ਭਾਈ ਇੰਦਰ ਸਿੰਘ ਜੀ ਤਕਰੀਬਨ ਸੱਠ ਸਾਲ ਲਗਾਤਾਰ ਗੁਰ-ਸ਼ਬਦ ਨਾਲ ਜੁੜੇ ਰਹੇ ਅਤੇ ਦੇਸ-ਵਿਦੇਸ ਵਿਚ ਨਿਰੰਤਰ ਕੀਰਤਨ ਸੇਵਾ ਕਰਦਿਆਂ ਚੋਖਾ ਜਸ ਵੀ ਪ੍ਰਾਪਤ ਕੀਤਾ।

ਆਪ ਜੀ ਦਾ ਜਨਮ 20 ਜੁਲਾਈ 1906 ਨੂੰ ਬਾਪੂ ਮੂਲ ਸਿਘ ਜੀ ਦੇ ਗ੍ਰਿਹ ਨਗਰੋਟਾ, ਜ਼ਿਲਾ ਰਜੌਰੀ ਜੰਮੂ-ਕਸ਼ਮੀਰ ਵਿਖੇ ਹੋਇਆ। ਆਪ ਦੇ ਪਿਤਾ ਜੀ ਉਸ ਸਮੇਂ ਗੁਜਰਾਂਵਾਲਾ ਯਤੀਮ ਖਾਨੇ ਵਿਚ ਪ੍ਰਚਾਰਕ ਸਨ ਉਨ੍ਹਾਂ ਨੇ ਆਪ ਨੂੰ ਬਾਲ ਅਵਸਥਾ ਵਿਚ ਹੀ ਆਪਣੇ ਪਾਸ ਬੁਲਾ ਲਿਆ ਅਤੇ ਕੀਰਤਨ ਤੇ ਪੰਜਾਬੀ ਭਾਸ਼ਾ (ਗੁਰਮੁਖੀ) ਦਾ ਗਿਆਨ ਕਰਵਾਇਆ। ਦਸ-ਬਾਰਾਂ ਸਾਲ ਦੀ ਛੋਟੀ ਜਿਹੀ ਉਮਰੇ ਹੀ ਆਪ ਕੀਰਤਨ ਦੀ ਦਾਤ ਪ੍ਰਾਪਤ ਕਰਕੇ ਇਸ ਸੇਵਾ ਵਿਚ ਪ੍ਰਵਿਰਤ ਹੋ ਗਏ ਸਨ।

1963 ਤਕ ਆਪ ਸੀਤਾ ਪੁਰ ਯੂ. ਪੀ. ਵਿਚ ਹੀ ਰਹੇ ਅਤੇ ਬਾਅਦ ਵਿਚ ਦਿੱਲੀ ਆ ਗਏ। ਪਾਰਟੀਸ਼ਨ ਤੋਂ ਪਹਿਲਾਂ ਵੀ ਅਤੇ ਬਾਅਦ ਵਿਚ ਵੀ ਆਪ ਨੇ ਸਾਰੇ ਭਾਰਤ ਤੋਂ ਇਲਾਵਾ ਆਸ-ਪਾਸ ਦੇ ਗੁਆਂਢੀ ਮੁਲਕਾਂ ਦਾ ਭਰਮਣ ਕਰਕੇ ਦੇਸ-ਵਿਦੇਸ ਵਿਚ ਕੀਰਤਨ ਰਾਹੀਂ ਗੁਰ ਉਪਦੇਸ ਦਾ ਸੰਦੇਸ਼ ਸੰਗਤਾਂ ਤਕ ਪਹੁੰਚਾਇਆ। ਆਪ ਐਬਟਾਬਾਦ, ਹਰੀਪੁਰ ਹਜਾਰਾ ਗੁਜਰਾਤ ਕੁਮਰੀ, ਰਾਵਲਪਿੰਡੀ, ਜੇਹਲਮ, ਲਾਇਲਪੁਰ, ਕੈਮਲਪੁਰ, ਕਾਬਲ, ਕੰਧਾਰ, ਬਰਮਾ, ਭੁਵਨੇਸ਼ਵਰ, ਬੰਬਈ, ਕਲਕੱਤਾ, ਹੈਦਰਾਬਾਦ, ਵਿਸਾਖਾਪਟਨਮ, ਪੰਜਾਬ ਯੂ. ਪੀ. ਆਦਿ ਹਰ ਥਾਂ ਆਪ ਜੀ ਦੇ ਜਥੇ ਨੇ ਕੀਰਤਨ ਕੀਤਾ। ਆਪ ਨੇ ਕਾਨਪੁਰ ਬਾਬਾ ਮੋਹਨ ਜੀ ਗੁੰਮਟੀ ਨੰਬਰ ਪੰਜ ਤੇ ਅਲੀਬੇਗ ਪੰਡਤ ਨਿਸਚਲ ਸਿੰਘ ਜੀ ਮੰਡੀ ਬਹਾਊਦੀਨ ਤੇ ਯਮਨਾ ਨਗਰ ਵਿਖੇ ਖਾਸ ਕਰਕੇ ਬੇਅੰਤ ਵਾਰੀ ਸੰਗਤਾਂ ਦੇ ਦਰਸ਼ਨਾਂ ਲਈ ਉਚੇਚੇ ਪਹੁੰਚ ਕੇ ਕੀਰਤਨ ਕੀਤਾ ਤੇ ਮਹਾਂ ਪੁਰਸ਼ਾਂ ਨੂੰ ਵੀ ਨਿਹਾਲ ਕੀਤਾ।

ਭਾਈ ਸਾਹਿਬ ਦੀ ਕੀਰਤਨ ਸ਼ੈਲੀ ਪੁਰਾਤਨ ਤੇ ਭਾਵ ਪੂਰਵਕ ਸੀ। ਆਪ ਵਿਆਖਿਆ ਰਾਹੀਂ ਬਹੁਤ ਅਸਰ, ਭਰਪੂਰ ਕੀਰਤਨ ਕਰਿਆ ਕਰਦੇ ਸਨ। ਆਪ ਦੀ ਵਿਆਖਿਆ ਦਾ ਅੰਦਾਜ਼ ਕਥਨ ਤੋਂ ਬਾਹਰ ਹੈ! ਕੀਰਤਨ ਤੇ ਵਿਆਖਿਆ ਨਾਲ ਹਿਰਦੇ-ਵੇਦਕ ਸਮਾਂ ਬੰਨਣਾ ਹਰ ਕਿਸੇ ਕੀਰਤਨੀਏ ਲਈ ਨਹੀਂ ਬਣ ਸਕਦਾ। ਆਪ ਪਾਸ ਕੋਈ

ਐਸੀ ਵਿਸ਼ੇਸ਼ ਦਾਤ ਸੀ ਕਿ ਗਲੇਡੂ ਭਰ ਗੁਰ ਸਾਹਿਬ ਦੀ ਉਚਾਰੀ ਬਾਣੀ ਦੀ ਵਿਆਖਿਆ ਕਰਦੇ-ਕਰਦੇ ਮੰਤਰ ਮੁਗਧ ਕਰ ਦੇਂਦੇ ਸਨ।

ਆਪ ਨੇ ਸਿੰਘਾਪੁਰ ਕਨੇਡਾ, ਇਰਾਨ, ਇਰਾਕ ਤੇ ਬਰਮਾ ਦੀ ਯਾਤਰਾ ਵੀ ਕੀਤੀ। ਸੰਨ 1962-63 ਵਿਚ ਬਾਬਾ ਮੋਹਨ ਜੀ ਗੁੰਮਟੀ ਨੰਬਰ ਪੰਜ ਵਾਲਿਆਂ ਨੇ ਆਪ ਜੀ ਦੇ ਕੀਰਤਨ ਤੇ ਵਿਆਖਿਆ ਤੋਂ ਪ੍ਰਭਾਵਿਤ ਹੋ ਕੇ ਉਚੇਚੇ ਤੌਰ ਤੇ ਸਾਗਵਾਨ ਦੇ ਦੋ ਵੱਡੇ ਵਾਜੇ ਬਣਵਾ ਕੇ ਆਪ ਜੀ ਨੂੰ ਸੇਵਾ ਲਈ ਬਖਸ਼ਿਸ਼ ਕੀਤੇ, ਜੋ ਕਨੇਡਾ ਤੋਂ ਵਾਪਸੀ ਸਮੇਂ ਆਪ ਉਥੇ ਦੀ ਸੰਗਤ ਨੂੰ ਭੇਂਟ ਕਰ ਆਏ।

ਭਾਈ ਇੰਦਰ ਸਿੰਘ ਜੀ ਆਪ ਬੜੇ ਮਿਲਣਸਾਰ ਸੁਭਾਅ ਤੇ ਸੇਵਾ ਭਾਵਨਾ ਵਾਲੇ ਵਿਅਕਤੀ ਸਨ। ਉਹ ਮਿਠ ਬੋਲੜੇ ਤੇ ਅਚਾਰ-ਵਿਹਾਰ ਦੀ ਸੁਹਿਰਦਤਾ ਦਾ ਮੁਜੱਸਮਾ ਸਨ। ਆਪ ਨਿਤਨੇਮੀ, ਗੁਰਬਾਣੀ ਦੇ ਕੰਠਈ ਅਤੇ ਅੰਮ੍ਰਿਤ ਪ੍ਰਚਾਰਕ ਵੀ ਸਨ।

ਭਾਈ ਸਾਹਿਬ ਨੇ ਜਿਥੇ ਆਪ ਨਿਰੰਤਰ ਕੀਰਤਨ ਕੀਤਾ ਉਥੇ ਉਨ੍ਹਾਂ ਨੇ ਆਪਣੇ ਨਾਲ ਕੀਰਤਨ ਕਰਦੇ ਬਹੁਤ ਸਾਰੇ ਸਾਥੀਆਂ ਨੂੰ ਸੁਤੰਤਰ ਕੀਰਤਨੀਏ ਬਣਾਇਆ। ਆਪ ਦੇ ਨਾਲ ਕੀਰਤਨ ਕਰਨ ਵਾਲਿਆਂ ਵਿਚੋਂ ਇਕ ਆਪ ਦੇ ਸਰਨਾਵੀਂ ਭਾਈ ਇੰਦਰ ਸਿੰਘ ਪ੍ਰਦੇਸੀ ਤੋਂ ਇਲਾਵਾ ਭਾਈ ਪ੍ਰਤਾਪ ਸਿੰਘ, ਭਾਈ ਕਿਰਪਾਲ ਸਿੰਘ, ਭਾਈ ਹਰੀ ਸਿੰਘ, ਭਾਈ ਸੁੰਦਰ ਸਿੰਘ, ਭਾਈ ਤੇਜਾ ਸਿੰਘ ਸੂਰਮਾ, ਭਾਈ ਭਗਵਾਨ ਸਿੰਘ ਸੂਰਮਾ, ਭਾਈ ਅਜੀਤ ਸਿੰਘ ਤੇ ਭਾਈ ਕੁਲਬੀਰ ਸਿੰਘ ਐਮ. ਏ. ਮਿਊਜ਼ਿਕ ਵਿਸ਼ੇਸ਼ ਸਨ। ਇਹ ਸਾਥੀ ਕੀਰਤਨੀਏ ਬਾਅਦ ਵਿਚ ਜਥੇਦਾਰ ਹੋ ਕੇ ਸੁਤੰਤਰ ਕੀਰਤਨ ਕਰਦੇ ਹੋਏ ਦੇਸ਼ਾਂ-ਵਿਦੇਸ਼ਾਂ ਵਿਚ ਕੀਰਤਨ ਦਾਤ ਰਾਹੀਂ ਸੰਗਤਾਂ ਨੂੰ ਲਬਰੇਜ਼ ਕਰ ਰਹੇ ਹਨ। ਭਾਈ ਕਿਰਪਾਲ ਸਿੰਘ ਜੀ ਨੂੰ ਆਪ ਨੇ ਸਾਥੀ ਤੋਂ ਸੰਬੰਧੀ ਬਣਾ ਲਿਆ ਅਤੇ ਆਪਣੀ ਵੱਡੀ ਲੜਕੀ ਦਾ ਪੂਰਨ ਗੁਰਮਰਿਆਦਾ ਅਨੁਸਾਰ ਉਸ ਨਾਲ ਆਨੰਦ-ਕਾਰਜ-ਵਿਆਹ ਕਰ ਦਿੱਤਾ। ਭਾਈ ਕਿਰਪਾਲ ਸਿੰਘ 35-40 ਸਾਲ ਨਿਰੰਤਰ ਆਪ ਦੇ ਨਾਲ ਕੀਰਤਨ ਸੇਵਾ ਕਰਦੇ ਰਹੇ।

ਆਪ ਦੇ ਸੁਭਾਵ ਦੀ ਕੁਝ ਐਸੀ ਤਕਸੀਰ ਸੀ ਕਿ ਆਪ ਕੀਰਤਨ ਤੋਂ ਇਲਾਵਾ ਘਰ-ਪਰਿਵਾਰ ਤੇ ਦੋਸਤਾਂ ਮਿਤਰਾਂ ਨਾਲ ਸਾਂਝ ਤੇ ਵਿਚਾਰ ਅਦਾਨ-ਪ੍ਰਦਾਨ ਲਈ ਵੀ ਚੋਖਾ ਸਮਾਂ ਕੱਢ ਲੈਂਦੇ ਸਨ ਅਤੇ ਕਈ ਵਾਰ ਆਪਣੇ ਪ੍ਰੋਗਰਾਮ ਵੀ ਦੂਸਰੇ ਜਥਿਆਂ ਨੂੰ ਦੇ ਦਿੰਦੇ ਸਨ। ਆਪ ਵਾਲੀਬਾਲ ਦੇ ਖਿਡਾਰੀ ਸਨ ਅਤੇ ਵਿਹਲੇ ਸਮੇਂ ਤਾਸ਼ ਵੀ ਖੇਡ ਲਿਆ ਕਰਦੇ ਸਨ।

ਆਪ ਦੀਆਂ ਅੱਠ ਬੱਚੀਆਂ ਅਤੇ ਤਿੰਨ ਬੱਚਿਆਂ ਵਿਚੋਂ ਭਾਵੇਂ ਕਿਸੇ ਨੂੰ ਵੀ ਕੀਰਤਨ ਦੀ ਦਾਤ ਪ੍ਰਾਪਤ ਨਹੀਂ ਹੋਈ ਪਰੰਤੂ ਆਪ ਦੇ ਬੱਚੇ ਪਿਤਾ ਦੇ ਦਰਸਾਏ ਮਾਰਗ ਨਾਲ ਜੁੜਦੇ ਹੋਏ ਗੁਰੂ ਸੰਗਤਾਂ ਅੰਦਰ ਸੇਵਾ ਰਾਹੀਂ ਪੂਰਾ ਯੋਗਦਾਨ ਪਾਉਂਦੇ ਹਨ।

# ਸਿੱਖ ਵਿਚਾਰਧਾਰਾ-ਇਕ ਵਿਗਿਆਨਕ ਦ੍ਰਿਸ਼ਟੀਕੋਣ ਤੋਂ '11 ਗੁਰੂ'

ਲੇਖਕ : ਜੋਗਿੰਦਰ ਸਿੰਘ ਸੇਠੀ

ਪ੍ਰਕਾਸ਼ਕ : ਗੁਰਦੁਆਰਾ ਧਨ-ਪੋਠੋਹਾਰ ਨਗਰ
ਨਾਰਥ ਐਵੀਨਿਊ, ਸ਼ਾਂਤਾ ਕਰੂਜ਼ (ਵੇ)
ਬੰਬਈ-400054

ਪੰਨੇ 152 ਭੇਟਾ 60 ਰੁ.

ਸਿੱਖ ਵਿਚਾਰਧਾਰਾ ਕੇਵਲ ਧਰਮ ਜਾਂ ਕਿਸੇ ਮੱਤ ਸੰਬੰਧੀ ਗਿਆਨ ਦੇਣ ਤਕ ਹੀ ਸੀਮਿਤ ਨਹੀਂ ਸਗੋਂ ਸਮੁੱਚੇ ਜੀਵਨ ਦਾ ਮਾਰਗ ਦਰਸ਼ਨ ਕਰਨ ਵਾਲਾ ਬਹੁਪਰਤੀ ਅਤੇ ਬਹੁਦਿਸ਼ਾਵੀ ਗਿਆਨ ਦਾ ਭੰਡਾਰ ਹੈ। ਬਹੁਤੀ ਵਾਰ ਅਜਿਹੀ ਵਿਚਾਰਧਾਰਾ ਦੇ ਸਮੇਂ ਪੁਨਰ-ਅਰਥ ਕਰਨ ਦੀ ਲੋੜ ਹੁੰਦੀ ਹੈ ਤਾਂ ਜੋ ਇਸ ਦੀ ਸੁਗੰਧ ਸਰਬ-ਕਾਲੀਨ ਅਤੇ ਫਲ ਸਰਬ ਪਰਵਾਨ ਹੋ ਸਕਣ। ਜ਼ਰੂਰੀ ਨਹੀਂ ਕਿ ਵੇਦਾਂ ਜਾਂ ਗੀਤਾ ਦੇ ਜੋ ਵਿਸ਼ਲੇਸ਼ਣ ਅਠਾਰਵੀਂ ਸਦੀ ਦੇ ਪੰਡਤਾਂ ਨੇ ਕੀਤੇ ਉਹ ਅੱਜ ਦੇ ਚਿੰਤਕਾਂ ਲਈ ਵੀ ਅੰਤਮ ਸਤਿ ਹੋਣ। ਅੰਤਮ ਸਤਿ ਮੂਲ ਪਾਠ ਨੇ ਬਣਨਾ ਹੈ ਹਰ ਕਾਲ ਇਸ ਸਤਿ ਨੂੰ ਸਮਕਾਲੀਨ ਅਰਥਾਂ ਨਾਲ ਨਵੀਂ ਪਛਾਣ ਦੇਣ ਦੀ ਲੋੜ ਤੋਂ ਬੇਮੁਖ ਹੋਣਾ ਉਚਿਤ ਨਹੀਂ ਕਿਉਂਕਿ :

ਵੇਦ ਕਤੇਬ ਕਹੁ ਮਤ ਝੂਠੇ
ਝੂਠਾ ਜੋ ਨ ਬੀਚਾਰੇ।

ਇਸ ਲਈ ਵਿਚਾਰ ਸਥਾਨ ਸਦਾ ਹੀ ਮਹੱਤਵਪੂਰਨ ਰਹੇਗਾ।

ਸ. ਜੋਗਿੰਦਰ ਸਿੰਘ ਸੇਠੀ-ਉਚੇ ਅਹੁਦੇ ਤੋਂ ਸੇਵਾ-ਮੁਕਤ ਹੋਣ ਉਪਰੰਤ ਸਾਧਨਾ ਅਤੇ ਸਿੱਖ ਵਿਚਾਰਧਾਰਾ ਨੂੰ ਸਮਝਣ-ਸਮਝਾਉਣ ਦਾ ਕਾਰਜ ਕਰ ਰਹੇ ਹਨ। ਇਸ ਤਰ੍ਹਾਂ 'ਆਪ ਜਪੈ-ਅਵਰਾ ਨਾਮ ਜਪਾਵੈ' ਦੀ ਸਿੱਖਿਆ ਨੂੰ ਅਮਲੀ ਰੂਪ ਦੇਂਦੇ ਹੋਏ ਉਹ ਗੁਰ ਇਤਿਹਾਸ ਅਤੇ ਗੁਰਬਾਣੀ ਦੇ, ਸਮਕਾਲੀਨ ਗਿਆਨ ਦੀ ਦ੍ਰਿਸ਼ਟੀ ਤੋਂ ਪੁਨਰ ਅਰਥ ਕਰਨ ਦਾ ਜਤਨ ਕਰ ਰਹੇ ਹਨ। ਹੁਣ ਤੱਕ ਪ੍ਰਕਾਸ਼ਿਤ ਉਹਨਾਂ ਦੀਆਂ ਇਕ ਦਰਜਨ ਪੁਸਤਕਾਂ ਇਸੇ ਮੱਤ ਦੀ ਪੁਸ਼ਟੀ ਕਰਦੀਆਂ ਹਨ। '11 ਗੁਰੂ' ਨਾਂ ਦੀ ਉਹਨਾਂ ਦੀ ਪੁਸਤਕ ਵੀ ਪਾਠਕਾਂ ਲਈ ਕੁਝ ਨਵੀਂ ਪਾਠ ਸਮੱਗਰੀ ਸਹਿਤ ਪੇਸ਼ ਹੋਈ ਹੈ। ਇਸ ਪੁਸਤਕ ਵਿੱਚ ਉਹ ਦਸ ਗੁਰੂ ਸਾਹਿਬਾਂ ਅਤੇ ਉਹਨਾਂ ਦੇ ਅਧਿਆਤਮਕ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਬਾਰੇ ਵਿਚਾਰ ਕਰਦੇ ਹਨ।

ਗੁਰੂ ਨਾਨਕ ਦਾ ਜੀਵਨ ਚਿਤ੍ਰਣ ਉਹਨਾਂ ਨੇ ਭਾਈ ਗੁਰਦਾਸ ਦੀ ਤੁਕ 'ਚੰਬੇਲੀ ਦੁਧ ਵਿੱਚ ਟਿਕਾਈ' ਨੂੰ ਮੁੜ ਵਿਚਾਰ ਕੇ, ਕਰਨ ਦਾ ਜਤਨ ਕੀਤਾ ਹੈ। ਚੰਬੇਲੀ ਦੁੱਧ ਦੇ

ਭਰੇ ਕਟੋਰੇ ਵਿੱਚ ਟਿਕਾਉਣ ਦਾ ਅਰਥ-ਸਿੱਖ ਦ੍ਰਿਸ਼ਟੀਕੋਣ ਤੋਂ ਕਰਨ ਦਾ ਇਸ ਤੋਂ ਪਹਿਲਾਂ ਕੋਈ ਜਤਨ ਕਿਉਂ ਨਹੀਂ ਕੀਤਾ ਗਿਆ, ਇਹ ਸੋਚ ਕੇ ਹੈਰਾਨੀ ਹੁੰਦੀ ਹੈ ਅਤੇ ਇਹ ਗੱਲ ਮਨ ਲਗਦੀ ਹੈ ਕਿ ਮੁਲਤਾਨ ਦੇ ਪੀਰ, ਜੋ ਗੁਰੂ ਨਾਨਕ ਦੇਵ ਜੀ ਨੂੰ ਉਹਨਾਂ ਦੀਆਂ ਉਦਾਸੀਆਂ ਸਮੇਂ ਪਹਿਲਾਂ ਵੀ ਜ਼ਰੂਰ ਮਿਲੇ ਹੋਣਗੇ, ਨੇ ਦੁੱਧ ਦਾ ਕਟੋਰਾ ਭੇਟ ਕਰਕੇ ਆਪਣੇ ਚਰਿਤਰ ਦੀ ਸ਼ੁਧਤਾ ਦਾ ਵਿਸ਼ਵਾਸ਼ ਗੁਰੂ ਜੀ ਨੂੰ ਦਿਵਾਇਆ ਹੋਵੇਗਾ। ਗੁਰੂ ਨਾਨਕ ਦੇਵ ਜੀ ਨੇ ਚੰਬੇਲੀ ਵਾਂਗ ਆਪਣੇ ਗੁਣਾਂ ਦੀ ਮਹਿਕ ਬੇਰੋਕ ਟੋਕ ਸਭ ਵਿੱਚ ਵੰਡਣ ਦਾ ਅਗਲਾ ਉਪਦੇਸ਼ ਪੀਰਾਂ ਨੂੰ ਦੇ ਕੇ ਉਹਨਾਂ ਨੂੰ ਵਧੇਰੇ ਸਮਾਜ ਉਪਯੋਗੀ ਬਣਨ ਦੀ ਸਲਾਹ ਦਿੱਤੀ ਹੋਵੇਗੀ। ਲੇਖਕ ਫੁੱਲ ਦੇ ਕਈ ਹੋਰ ਸੰਕੇਤਕ ਅਰਥ ਵੀ ਦਸਦਾ ਹੈ ਇਹ ਪਾਠਕ ਤੇ ਨਿਰਭਰ ਕਰਦਾ ਹੈ ਕਿ ਉਹ ਕਿਹੜੇ ਅਰਥ ਅਪਣਾਵੇ।

ਗੁਰੂ ਅੰਗਦ ਦੇਵ ਜੀ ਦਾ ਜੀਵਨ ਫਲਸਫਾ ਹੀ ਉਹਨਾਂ ਦੀ ਆਪਣੀ ਤੁਕ 'ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ' ਤੇ ਆਧਾਰਿਤ ਰਿਹਾ ਹੈ। ਨੌਕਰ ਅਤੇ ਚਾਕਰ ਦੇ ਅਰਥ-ਭੇਦ ਹੀ ਸਿੱਖੀ ਵਿੱਚ ਸੇਵਾ ਦੇ ਸੰਕਲਪ ਦਾ ਸਰੋਤ ਬਣਦੇ ਹਨ, ਇਹ ਗੱਲ ਇਸ ਪਸਤਕ ਦੀ ਦੂਜੀ ਰਚਨਾ ਤੋਂ ਸਪਸ਼ਟ ਹੁੰਦੀ ਹੈ।

'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦੀ ਸਿੱਖਿਆ ਨੂੰ ਗੁਰੂ ਅਮਰਦਾਸ ਜੀ ਨੇ ਸਮਝਿਆ ਅਤੇ ਜੀਵਨ ਦਾ ਅਧਾਰ ਬਣਾਇਆ। ਇਹ ਗੱਲ ਤੀਜੀ ਪਾਤਸ਼ਾਹੀ ਸੰਬੰਧੀ ਲੇਖਕ ਦੀ ਰਚਨਾ ਦਾ ਆਧਾਰ ਬਣਦੀ ਹੈ।

'ਹਰਿ ਰੰਗ ਤੁਰੀ ਚੜਾਇਆ' ਗੁਰੂ ਰਾਮਦਾਸ ਜੀ ਦੀ ਅਜਿਹੀ ਸਿੱਖਿਆ ਹੈ ਜਿਸ ਨੇ ਜੀਵ ਤੋਂ ਵਿਰਕਤ ਹੋ ਰਹੇ ਸਾਧੂਆਂ ਨੂੰ ਵੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨਾਲ ਜੋੜਕੇ ਗ੍ਰਿਹਸਤ ਧਰਮ ਅਪਣਾ ਲੈਣ ਲਈ ਪ੍ਰੇਰਿਆ। ਇਸੇ ਪ੍ਰਕਾਰ ਅਗਲੇ ਛੇ ਗੁਰੂ ਸਾਹਿਬਾਂ ਸਬੰਧੀ ਵੀ ਉਹਨਾਂ ਦੇ ਜੀਵਨ ਦੀ ਕਿਸੇ ਇਕ ਘਟਨਾ ਜਾ ਸਿੱਖਿਆ ਨੂੰ ਆਧਾਰ ਬਣਾ ਕੇ ਹੀ ਚਾਨਣ ਪਾਉਣ ਦਾ ਜਤਨ ਕੀਤਾ ਗਿਆ ਹੈ।

ਇਸ ਪੁਸਤਕ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸ ਨੂੰ ਗੁਰਦੁਆਰਾ ਧਨ-ਪੋਠੋਹਾਰ ਨਗਰ, ਨਾਰਥ ਐਵਿਨਊ ਸ਼ਾਤ ਕਰਨ ਬੰਬਈ ਨੇ ਛਾਪਿਆ ਹੈ। ਗੁਰੂ-ਬਾਣੀ ਅਤੇ ਗੁਰੂ ਇਤਿਹਾਸ ਸੰਬੰਧੀ ਵਿਚਾਰ ਕਿਸੇ ਵੀ ਗੁਰਦੁਆਰੇ ਦੀ ਮੁਖ ਜ਼ਿੰਮੇਵਾਰੀ ਹੁੰਦੀ ਹੈ ਤੇ ਜੇ ਕਿਸੇ ਗੁਰਦੁਆਰੇ ਦੇ ਪ੍ਰਬੰਧਕ ਇਸ ਵਿਚਾਰ ਨੂੰ ਆਪਣੀ ਇਮਾਰਤ ਦੀ ਚਾਰ ਦੀਵਾਰੀ ਤੋਂ ਬਾਹਰ ਵੀ ਪ੍ਰਚਾਰਨ ਲਈ ਜਤਨ ਸ਼ੀਲ ਹੋਣ ਤਾਂ ਇਹ ਹੋਰ ਵੱਡੀ ਪ੍ਰਾਪਤੀ ਹੋ ਨਿਬੜਦੀ ਹੈ। ਹਥਲੀ ਪੁਸਤਕ ਦਾ ਪੰਜਾਬ ਤੋਂ ਦੂਰ ਬੰਬਈ ਵਿੱਚ ਸਥਾਪਤ ਇਕ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤਾ ਜਾਣਾ, ਗੁਰਦੁਆਰਿਆਂ ਦੇ ਕਾਰਜ ਖੇਤਰ ਨੂੰ ਵਧੇਰੇ ਵਿਸ਼ਾਲ ਕਰਦਾ ਹੈ। ਲੇਖਕ ਅਤੇ ਪ੍ਰਕਾਸ਼ਕ ਦੋਵੇਂ ਹੀ ਇਸ ਵਡਿਆਈ ਵੀਚਾਰ' ਲਈ ਮੁਬਾਰਕ ਦੇ ਮੁਸਤਹਿਕ ਹਨ।

— ਡਾ. ਤ੍ਰਿਲੋਚਨ ਸਿੰਘ ਤਰਸੇਮ

# ਰਾਗ ਧਨਾਸਰੀ

—ਪ੍ਰਿੰਸੀਪਲ ਦਿਆਲ ਸਿੰਘ

ਵਾਦੀ—ਪ    ਠਾਟ—ਕਾਫੀ    ਸਮਾਂ—ਦਿਨ ਦਾ ਤੀਜਾ ਪਹਿਰ

ਸੰਵਾਦੀ—ਸ    ਜਾਤੀ—ਓਡਵ ਸੰਪੂਰਣ    ਵਿਸ਼ੇਸ਼—'ਪਾ ਗਾ' ਦੀ ਸੁਰ-ਸੰਗਤੀ।

ਆਰੋਹ-ਅਵਰੋਹ (ਕਾਫੀ ਠਾਟ)—ਸ, ਗੁ ਮ ਪ, ਨੁ ਸਂ । ਸਂ, ਨੁ ਧ ਪ, ਮ ਗੁ, ਰ ਸ ।

ਆਰੋਹ-ਅਵਰੋਹ (ਭੈਰਵੀ ਠਾਟ)—ਸ, ਗੁ, ਮ ਪ, ਨੁ ਸਂ । ਸਂ ਨੁ ਧੁ ਪ, ਮ ਗੁ, ਰੁ ਸ।

ਮ

ਪਕੜ—ਸ, ਨੁ ਸ ਗ ਮ ਪ, ਨੁ, ਧਪਗੁ ਪ, ਗੁ ਰਸਨੁ, ਸ । (ਕਾਫੀ ਥਾਟ)

ਧਨਾਸਰੀ ਇਕ ਪੁਰਾਤਨ ਰਾਗ ਹੈ ਅਤੇ ਇਸ ਦਾ ਉਲੇਖ ਸੰਸਕ੍ਰਿਤ ਦੇ ਪ੍ਰਾਚੀਨ ਸੰਗੀਤ ਗਰੰਥਾਂ ਵਿਚ ਧਨਯਾਸੀ ਧੰਨਾਸੀ, ਧਨਾਸਿਕਾ ਤੇ ਧਨਾਸਰੀ ਨਾਮਾਂ ਨਾਲ ਕੀਤਾ ਗਿਆ ਹੈ। ਪ੍ਰਾਚੀਨ ਤੇ ਆਧੁਨਿਕ ਸੰਗੀਤਾਂ ਵਿਚ ਇਸ ਦੇ ਕਈ ਪ੍ਰਕਾਰ ਵੀ ਲਿਖੇ ਹਨ। ਜਿਵੇਂ—ਕਾਫੀ ਠਾਟ ਦੀ ਧਨਾਸਰੀ ਭੈਰਵੀ ਠਾਟ ਦੀ ਧਨਾਸਰੀ, ਖਮਾਜ ਠਾਟ ਦੀ ਧਨਾਸਰੀ ਅਤੇ ਪੂਰੀਆ ਧਨਾਸਰੀ (ਪੂਰਵੀ ਠਾਟ) ਜੋ ਬਹੁਤ ਪ੍ਰਸਿੱਧ ਹੈ। ਭਾਵ, ਧਨਾਸਰੀ ਰਾਗ ਵਖੋ-ਵਖ ਚਾਰ ਠਾਟਾਂ ਵਿਚ ਪਰਚਲਿਤ ਹੈ, ਧਨਾਸਰੀ ਦੇ ਇਹ ਸੁਰ-ਰੂਪ ਕਿਥੋਂ ਅਤੇ ਕਦੋਂ ਪਰਿਵਰਤਨ ਹੋਏ 'ਤੇ ਵੀਚਾਰ ਕਰਨੀ ਜ਼ਰੂਰੀ ਹੈ।

ਧਨਾਸਰੀ ਰਾਗ ਦਾ ਜਿਹੜਾ ਸਰੂਪ ੧੩ ਵੀਂ ਸਦੀ ਦੇ ਪੰਡਤ ਸਾਰੰਗਦੇਵ ਨੇ ਆਪਣੇ "ਸੰਗੀਤ ਰਤਨਾਕਰ" ਵਿਚ ਦਿੱਤਾ ਹੈ ਉਹ ਮੌਜੂਦਾ ਸਮੇਂ ਦੇ ਰਾਗ ਬਾਗੇਸ਼੍ਰੀ ਨਾਲ ਮਿਲਦਾ ਹੈ; ਭਾਵ, ਕਿ ਉਸ ਸਮੇਂ ਇਹ ਕਾਫੀ ਠਾਟ ਦਾ ਰਾਗ ਸੀ। ਉਸ ਤੋਂ ਬਾਅਦ ਰਾਗ-ਰਾਗਣੀ (ਪਰਿਵਾਰ-ਵਰਗ) ਦੇ ਮਤ-ਮਤਾਂਤ ਆਰੰਭ ਹੋਏ, ਉਨ੍ਹਾਂ ਵਿਚ ਭਰਤ ਮਤ—ਧਨਾਸਰੀ ਨੂੰ ਮਾਲਕੌਂਸ ਦੀ ਨੂੰਹ (ਪੁੱਤ੍ਰ-ਵੱਧੂ) ਮੰਨਦਾ ਹੈ। ਕਾਲੀ ਨਾਥ ਮਤ—ਇਸ ਨੂੰ ਮੇਘ ਰਾਗ ਦੀ ਰਾਗਣੀ (ਇਸਤ੍ਰੀ) ਮੰਨਦਾ ਹੈ। ਹਨੂਮਾਨ ਮਤ—ਧਨਾਸਰੀ ਨੂੰ ਸ੍ਰੀ ਰਾਗ ਦੀ ਰਾਗਣੀ ਅਤੇ 'ਆਦਿ ਗਰੰਥ' ਵਿਚ ਲਿਖੀ ਰਾਗਮਾਲਾ ਅਨੁਸਾਰ ਇਹ ਮਾਲਕੌਂਸ ਦੀ ਰਾਗਣੀ ਹੈ। ਇੰਜ ਧਨਾਸਰੀ ਰਾਗ ਵਖੋ-ਵਖ ਤਿੰਨ ਠਾਟਾਂ ਵਿਚ ਪ੍ਰਚਲਿਤ ਹੋ ਗਿਆ ਸੀ। ਕਿਉਂਕਿ ਉਸ ਸਮੇਂ ਮਾਲਕੌਂਸ ਦਾ ਸੁਰ-ਰੂਪ ਆਧੁਨਿਕ ਭੈਰਵੀ ਠਾਟ ਨਾਲ ਮਿਲਦਾ ਸੀ, ਸ੍ਰੀ ਰਾਗ ਕਾਫੀ ਠਾਟ ਨਾਲ ਅਤੇ ਮੇਘ ਖਮਾਜ ਠਾਟ ਅਨੁਸਾਰ ਸੀ। ਬਾਕੀ ਰਿਹਾ ਪੂਰੀਆ ਧਨਾਸਰੀ; ਭਾਵ—ਕਿ ਪੂਰੀਆ ਧਨਾਸਰੀ (ਪੂਰਵੀ ਠਾਟ) ਵਿਚ ਕਿਵੇਂ ਆਇਆ। ਇਸ ਦਾ ਉੱਤਰ ਇਹੋ ਹੈ ਕਿ ਜਿਵੇਂ ਸ੍ਰੀ ਰਾਗ ਪਹਿਲਾਂ ਕਾਫੀ ਠਾਟ ਵਿਚ ਪਰਚਲਿਤ ਸੀ ਫਿਰ ਉਹ ਤਬਦੀਲ ਹੋ ਕੇ ਪੂਰਵੀ ਠਾਟ ਵਿਚ ਆ ਗਿਆ ਤਿਵੇਂ, ਧਨਾਸਰੀ ਦਾ ਇਕ ਪ੍ਰਕਾਰ ਸ੍ਰੀ ਰਾਗ ਨਾਲ ਪੂਰਵੀ ਠਾਟ ਵਿਚ ਆਇਆ ਜਾਪਦਾ ਹੈ। ਇਸ ਨੂੰ ਬੰਗਾਲ ਪ੍ਰਾਂਤ ਵਿਚ ਬਹੁਤ ਗਾਉਂਦੇ ਹਨ।

ਇਥੇ ਇਕ ਗੱਲ ਬੜੀ ਸਵਾਦੀ ਤੇ ਨੋਟ ਕਰਨ ਵਾਲੀ ਹੈ ਕਿ ਧਨਾਸਰੀ ਦੇ ਇਨ੍ਹਾਂ ਪ੍ਰਕਾਰਾਂ ਦੇ ਨਿਯਮ ਅਜੇ ਵੀ ਮਿਲਦੇ ਹਨ। ਭਾਵ, ਭੈਰਵੀ, ਕਾਫੀ, ਖਮਾਜ ਤੇ ਪੂਰਵੀ ਠਾਟ ਦੀ ਧਨਾਸਰੀ ਜਾਤੀ, ਵਾਦੀ-ਸੰਵਾਦੀ, ਗਾਉਣ ਦਾ ਸਮਾਂ ਅਤੇ 'ਪਾ ਗਾ' ਦੀ ਸੁਰ-ਸੰਗਤਿ ਅਜੇ ਵੀ ਉਸੇ ਤਰ੍ਹਾਂ ਕਾਇਮ ਹਨ।

ਉਤ ਸੰਖੇਪ ਵਿਚ ਧਨਾਸਰੀ ਰਾਗ ਦੇ ਵਖੋ-ਵਖ ਰੂਪਾਂ ਦੀ ਜਾਣਕਾਰੀ ਅਸਾਂ ਸੰਗੀਤ ਪ੍ਰੇਮੀਆਂ ਦੀ ਦਿਲਚਸਪੀ ਲਈ ਦਿਤੀ ਹੈ। ਬਾਕੀ ਕਾਫੀ ਠਾਟ ਦੀ ਧਨਾਸਰੀ ਦਾ ਵੇਰਵਾ ਇਸ ਪ੍ਰਕਾਰ ਹੈ :

ਪੰਡਤ ਅਹੋਬਲ ਨੇ "ਸੰਗੀਤ ਪਰਿਜਾਤ" ਵਿਚ ਜਿਸ ਧਨਾਸਰੀ ਦਾ ਜ਼ਿਕਰ ਕੀਤਾ ਹੈ, ਉਹ ਆਧੁਨਿਕ ਧਨਾਸਰੀ ਰਾਗ ਦਾ ਹੀ ਪ੍ਰਾਚੀਨ ਰੂਪ ਹੈ। ਉਸ ਨੇ ਧਨਾਸਰੀ ਨੂੰ ਸੰਪੂਰਣ, ਖਾੜਵ ਤੇ ਓੜਵ ਰਾਗ ਦਸਿਆ ਹੈ, ਜਿਸ ਵਿਚ ਗੰਧਾਰ-ਨਿਖਾਦ ਕੋਮਲ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇੰਜ ਕਾਫੀ ਠਾਟ ਦੀ ਧਨਾਸਰੀ ਦੇ ਤਿੰਨ ਰੂਪ ਹੋਏ। ਪਰ ਇਨ੍ਹਾਂ ਦੇ ਤਿੰਨ ਨਾਮ ਵੀ ਦਿਤੇ ਹਨ :

੧. ਓੜਵ-ਓੜਵ ਜਾਤੀ ਦੀ ਧਨਾਸਰੀ ਨੂੰ ਧਾਨੀ ਰਾਗ ਕਹਿੰਦੇ ਹਨ। ਆਰੋਹ-ਅਵਰੋਹ : ਸ, ਗੁ ਮ ਪ, ਨੁ ਸਂ। ਸਂ ਨੁ ਪ, ਮ ਗੁ ਸ।

੨. ਓੜਵ-ਸੰਪੂਰਣ ਜਾਤੀ ਦੀ ਧਨਾਸਰੀ ਨੂੰ ਧਨਾਸਰੀ ਜਾਂ ਸ਼ੁੱਧ ਧਨਾਸਰੀ ਆਖਦੇ ਹਨ। ਆਰੋਹ-ਅਵਰੋਹ : ਸ, ਗੁ ਮ ਪ, ਨੁ ਸਂ। ਸਂ ਨੁ ਧ ਪ, ਮ ਗੁ ਰ ਸ।

੩. ਖਾੜਵ-ਸੰਪੂਰਣ ਜਾਤੀ ਦੀ ਧਨਾਸਰੀ ਨੂੰ ਧੰਨਾਸੀ ਰਾਗ ਕਹਿੰਦੇ ਹਨ। ਆਰੋਹ-ਅਵਰੋਹ : ਸ, ਗੁ ਮ ਪ, ਨੁ, ਧਨੁ ਸਂ। ਸ ਨੁ ਧ ਪ, ਮ ਗੁ ਰ ਸ। ਧਨਾਸਰੀ ਦਾ ਇਹ ਤੀਜਾ ਪ੍ਰਕਾਰ ਅਪ੍ਰਚਲਿਤ ਹੈ, ਸ਼ਾਇਦ ਹੀ ਕੋਈ ਗਾਉਂਦਾ ਹੋਵੇ।

ਭੀਮਪਲਾਸੀ ਤੇ ਧਨਾਸਰੀ ਦੋਵੇਂ ਸਮਪ੍ਰਕ੍ਰਿਤਿਕ ਰਾਗ ਹਨ, ਪਰ ਇਨ੍ਹਾਂ ਦੋਹਾਂ ਵਿਚ ਕੁਝ ਬੁਨਿਆਦੀ ਫਰਕ ਵੀ ਹਨ, ਜਿਸ ਕਾਰਣ ਇਹ ਇਕ-ਦੂਜੇ ਤੋਂ ਵੱਖ ਹੋ ਜਾਂਦੇ ਹਨ। ਜਿਵੇਂ : (੧) ਭੀਮਪਲਾਸੀ ਦਾ ਵਾਦੀ ਮੱਧਮ ਹੈ। ਪਰ ਧਨਾਸਰੀ ਦਾ ਵਾਦੀ ਸੁਰ ਪੰਚਮ ਹੈ। ਨਾਲੇ ਭੀਮਪਲਾਸੀ ਵਿਚ ਮੱਧਮ ਇਕ ਮਹੱਤਵ-ਪੂਰਣ ਸੁਰ ਹੈ, ਜਦ ਕਿ ਧਨਾਸਰੀ ਵਿਚ ਉਹ ਦੁਰਬਲ (ਗੌਣ) ਹੈ। (੨) ਭੀਮਪਲਾਸੀ ਵਿਚ 'ਗੁ ਤੇ ਨੁ' ਇਕ-ਇਕ ਪ੍ਰਮਾਣ

ਮ ਸ

ਸਰੁਤੀ ਉੱਚੇ ਹਨ ਅਤੇ ਉਹ ਹਮੇਸ਼ਾ 'ਮਾ ਤੇ ਸਾ' ਨਾਲ ਸਬੰਧਿਤ ਰਹਿੰਦੇ ਹਨ ਗ ਨੁ, ਇੰਜ। ਇਸ ਤੋਂ ਇਲਾਵਾ ਉਹ ਅੰਦੋਲਿਤ ਭੀ ਹਨ, ਪਰ ਧਨਾਸਰੀ ਵਿਚ ਉਹ ਕੋਮਲ ਤੇ 'ਕਾਫੀ' ਵਾਂਗ ਮੁਕਤ ਹਨ (੩) ਧਨਾਸਰੀ ਵਿਚ "ਸ ਗੁ, ਪ ਗੁ" ਦੀ ਸੁਰ ਸੰਗਤਿ ਹੈ। ਪਰ ਭੀਮਪਲਾਸੀ ਵਿਚ ਇਹ ਸੁਰ-ਸੰਗਤਿ ਨਹੀਂ ਹੈ। (੪) ਧਨਾਸਰੀ ਭਾਵੇਂ ਓੜਵ-ਸੰਪੂਰਣ ਜਾਤੀ ਦਾ ਰਾਗ ਹੈ, ਪਰ ਇਸ ਵਿਚ 'ਧਾ ਰੇ ਦੁਰਬਲ ਰਹਿੰਦੇ ਹਨ, ਜਦ

ਧ ਸ

ਕਿ ਭੀਮਪਲਾਸੀ ਵਿਚ ਇਨ੍ਹਾਂ ਤੇ ਸਗੋਂ ਧ, ਤੇ ਰ, ਇੰਜ 'ਕਣ' ਲਗਾਉਣ ਸਮੇਂ ਥੋੜਾ

ਸ

ਠਹਿਰਣਾ ਪੈਂਦਾ ਹੈ। ਧਨਾਸਰੀ ਰਾਗ ਦਾ ਚਲਨ "ਸ, ਗ ਰਸਨ਼., ਸ, ਗੁਮਪ, ਨੁ,

ਪ ਮ

ਧਪਗੁ, ਪ, ਜਾਂ ਨੁ ਧ ਗੁ, ਪ, ਗ, ਰਸਨ਼., ਸ। ਇਸ ਪ੍ਰਕਾਰ ਹੈ। ਭੀਮਪਲਾਸੀ ਦਾ ਸੁਰ-

ਸ ਮ ਮ ਪ ਮ ਮ ਸ

ਰੂਪ "ਨ਼. ਸ, ਗੁਮ, ਪ ਗੁਮ, ਨ਼, ਧ, ਪ, ਗੁਮ, ਗੁ, ਰ, ਸ" ਇੰਜ ਰਹੇਗਾ।

ਉਤੇ ਲਿਖੀਆਂ ਗੱਲਾਂ ਨੂੰ ਜੇ ਧਿਆਨ ਵਿਚ ਰਖਿਆ ਜਾਵੇ ਤਾਂ, ਸਾਡੇ ਵਿਚਾਰ ਨਾਲ ਇਨ੍ਹਾਂ ਦੋਹਾ ਰਾਗਾਂ ਨੂੰ ਅਲੱਗ-ਅਲੱਗ ਗਾਉਣਾ ਕੋਈ ਮੁਸ਼ਕਿਲ ਨਹੀਂ ਹੈ। ਹਾਂ, ਤਾਨ ਲਾਉਣ ਸਮੇਂ ਦੋਹਾਂ ਨੂੰ ਵੱਖ ਕਰ ਵਿਖਾਉਣਾ ਕਠਿਨ ਕਮ ਹੈ ਕਿਉਂਕਿ ਤਾਨਾਂ ਇਸ ਵਿਚ ਲਗਭਗ ਭੀਮਪਲਾਸੀ ਵਾਂਗ ਹੀ ਰਹਿਣਗੀਆਂ।

ਨੋਟ—ਕਾਫੀ ਠਾਟ ਦੀ ਧਨਾਸਰੀ ਵਿਚ 'ਰੇ ਧਾ' ਸੁਰ ਕੋਮਲ ਕਰਨ ਨਾਲ ਭੈਰਵੀ ਠਾਟ ਦੀ ਧਨਾਸਰੀ ਹੋ ਜਾਵੇਗੀ। ਇਸ ਕਰਕੇ ਉਸ ਬਾਰੇ ਵਧੇਰ ਲਿਖਣ ਦੀ ਲੋੜ ਨਹੀਂ। ਕਈ ਸੰਗੀਤਕਾਰ (ਗਾਇਕ) ਭੈਰਵੀ ਠਾਟ ਦੀ ਧਨਾਸਰੀ ਨੂੰ 'ਕੋਮਲ ਧਨਾਸਰੀ ਭੀ ਕਹਿੰਦੇ ਹਨ।

## ਸੁਰ-ਵਿਸਥਾਰ (ਅਲਾਪ)

੧. ਸ —ਨ਼.ਸਗੁ, ਰਸ, ਸਗੁਰਸਨ਼., ਸ —ਸਗੁ, ਮਪਗੁ, ਰਸ—ਨ਼.ਸਗੁਮਪ, ਪਗ, ਮਪਗੁ, ਰਸ—।

ਮ ਮ ਮ

੨. ਸ—ਸਗੁਰਸਨ਼., ਸਗੁਮਪ—ਮਪਗੁ, ਪ, ਗੁ, ਰਸ—ਸਗੁ ਗੁਮਪ, ਗੁਮਪਗੁ, ਪਗ,

ਮ

ਰਸਨ਼. ਸ—ਨ਼.ਸਗੁਮਪ ਗੁ, ਰਸ—।

੩. ਨ਼.ਸ, ਸਗੁ, ਗੁਮਪ, ਨੁ, ਧਪਗੁ, ਪ, ਮਪਨੁਧਪਗੁ ਰਸ, ਨ਼.ਸਗੁਮਪ, ਨੁਧਪਗੁ —ਪ,

ਸ ਮ

ਮਪਗੁ, ਰਸ—ਰਨ਼.ਸਗੁਮਪ, ਧਪ, ਨੁਧਪ, ਮਪ ਗੁਮਪਨੁਧਪਗੁ, ਪਗੁ, ਰਸ—

ਮ

ਨ਼.ਸਗੁ, ਸਗੁਮ ਗੁਮਪ, ਨੁਨੁਧਪਗੁਮਪ —ਪਗੁ, ਰਸਨ਼.ਸਗੁਮਪ—ਮਪਨੁ—ਧਪਗੁ,

ਮ

ਮਪ ਗੁ, ਪਗੁਰਸ—।

੪. ਪ— ਧਪ ਗੁਮਪ—ਪਨੁਧਪ ਗੁਮਪ, ਮਪਨੁ, ਨੁਧਪਗੁ ਪਗ, ਰਸ—ਨ਼.ਸ, ਸਗੁ, ਗੁਮਪਨੁ, ਨੁਸਂ—ਰੰਨੁਸੰਨੁਧਪ, ਪਨੁਸਂ, ਮਪਨੁਸਂ—ਸੰਰੰਨੁ, ਨੁਧਪਗੁ, ਮਪਨੁ, ਪਨੁਸਂ —ਸੰਰੰਨੁਸੰਨੁਧਪ, ਨੁਨੁ ਪਗੁ, ਪਗੁ, ਰਸ—।

ਮ

੫. ਪ—ਮਪਗੁਮਪ—ਪਨੁਧਪ, ਸਂ—ਨੁਧਪ, ਮਪ ਗੁਮਪ, ਗੁ, ਰਸ, ਰਸੁ, ਰਨ਼.ਸਗੁਮਪ,

ਮ
ਨੁਧਪ, ਮਪਗੁਮਪ—ਗੁ, ਮਪਨੁਸਂ—ਸਂਗਂਰਂਸਂ—ਨੁਧਪ, ਧਨੁਪਗੁ
ਪਨੁਪਗੁ, ਮਪਨੁਸਂ—ਨੁਨੁਸਂ, ਪਨੁਸਂ, ਮਪਨੁਸਂ, ਸਂਗੁਂਰਂਸਂ, ਸਂਗੁਂ ਗੁਂਮਂਪਗੁਂ, ਰਸ,

ਮ
ਸਂਗਂ_ਰਂਸਂਨਸਂ ਪਨੁਸਂ—ਨੁਨੁਧਪਮਪਗੁ, ਪਗੁ, ਰਸ—ਸਰੁਰਸ, ਨੁਸਗੁਗੁ ਰਸ,

ਮ
ਨੁਸਗੁਮਪਪ ਮਗੁਰਸ, ਗੁਮਪਨੁਧਪਗੁਗੁਰਸ, ਨੁਸਗੁਮਪਨੁਸਂ, ਨੁਧਪਪਮਗੁਰਸ,

ਮ
ਗਮਪਨੁਸਂਗੁਂਰਂਸਂ ਨੁਧਪਪਮਗੁਰਸ, ਨੁਸਗੁਮਪਨੁਨੁਸਂ, ਸਂਗੁਂਮਂਪਂਗਂਗੁਂਰਂਸਂ, ਨੁਧਪਪ
ਗਗੁਰਸ— ।

ਰਾਗ ਧਨਾਸਰੀ — ਅਸਥਾਈ
ਤਿੰਨ ਤਾਲ

| 0 | ੩ | X | ੨ |
|---|---|---|---|
| | | | ਪ ਮ |
| | | | ਬੰ ਦ |
| ਪ — — ਗ | ਗੁ ਰ — ਨੁ | ਸ — — — | — — ਪ ਮ |
| ਨਾ ऽ ऽ ਹ | ਰਿ ਬੰ ऽ ਦ | ਨਾ ऽ ऽ ऽ | ऽ ऽ ਬੰ ਦ |
| ਪ — — ਗੁ | ਗੁ ਰ — ਨੁ | ਸ — — — | ऽ ऽ ऽ ऽ |
| ਨਾ ऽ ऽ ਹ | ਰਿ ਬੰ ऽ ਦ | ਨਾ ऽ ऽ ऽ | ऽ ऽ ऽ ऽ |
| —ਪ ਨੁ ਨੁ | ਸ — ਗੁ — | ਮ ਪ ਪ ਪ | ਮ ਗੁ |
| ऽ ਗੁ ਣ ਗਾ | ਵਹੁ ऽ ਗੋ ऽ | ਪਾ ऽ ਲ ਰਾ | ऽ ਇ ਬੰਦਨਾ— |

### ਅੰਤਰਾ

| | | | |
|---|---|---|---|
| ਪ ਨੁ ਨੁ | ਸ ਸ ਸ— | ਨੁ — ਸ ਗੁ | ਰ ਸ ਸ — |
| ਵ ਡੇ ਭਾ | ऽ ਗ ਭੇ ऽ | ਟੇ ऽ ਗੁ ਰ | ਦੇ ऽ ਵਾ ऽ |
| | ਸ ਧ | ਮ | ਮ |
| — ਸ ਸ ਰ | ਨੁ — ਪ ਪ | ਗੁ — ਮ ਪ | ਗੁ ਰਸ |
| ऽ ਕੋ ਟਿ ਪ | ਰਾ ऽ ਧ ਮਿ | ਟੇ ऽ ਹ ਰਿ | ਸੇ ਵਾऽ ਬੰਦ... |

—ਬਾਕੀ ਤੁਕਾਂ ਅੰਤਰੇ ਤੇ ਲਾਓ। (ਸੁਰ ਰਚਨਾ ਕਰਤਾ ਵੱਲੋਂ)

ਰਾਗ ਧਨਾਸਰੀ

## ਅਸਥਾਈ

ਤਿੰਨ ਤਾਲ

| 0 | ੩ | × | ੨ |
|---|---|---|---|
| | | | ਸ ਨੁ |
| | | | ਸਾ ਧੋ |
| | ਮ | | |
| ਸ ਗੁ ਮ ਪ | ਗੁ ਗੁ ਰ ਨੁ | ਸ — ਸ — | ਨੁਸ ਗੁਰ ਸ ਨੁ |
| ਇ ਹੁ ਜ ਗੁ | ਭ ਰ ਮ ਭੁ | ਲਾ ऽ ਨਾ ऽ | ऽ ऽऽ, ਸਾ ਧੋ |
| | ਮ | | |
| ਸ ਗੁ ਮ ਪ | ਗੁ ਗੁ ਰ ਨੁ | ਸ — ਸ — | — — — — |
| ਇ ਹੁ ਜ ਗੁ | ਭ ਰ ਮ ਭੁ | ਲਾ ऽ ਨਾ ऽ | ऽ ऽ ऽ ऽ |
| — ਪ ਪ ਪ | — ਪ ਗੁ ਮ | ਧ ਪ ਗੁ ਮ | ਗੁ ਰ ਸ — |
| ऽ ਰਾ ਮ ਨਾ | ऽ ਮ ਕਾ ऽ | ਸਿ ਮ ਰ ਨ | ਛੋ ऽ ਡਿਆ ऽ |
| ਸ | | | ਮ |
| ਗੁ ਮ ਪ ਨੁ | ਸਂ — ਸਂ ਰਂ | ਸਂ ਨੁ ਧ ਪ | ਗੁ ਰ ਸ ਨੁ |
| ਮਾ ऽ ਇਆ ऽ | ਹਾ ऽ ਥਿ ਬਿ | ਕਾ ऽ ऽ ऽ | ਨਾ ऽ ਸਾ ਧੋ |

## ਅੰਤਰਾ

| | | | |
|---|---|---|---|
| ਪ — ਪ ਪ | ਪ — ਗੁ ਮ | ਪ — ਨੁ ਨੁ | ਸਂ ਸਂ ਸਂ — |
| ਮਾ ऽ ਤ ਪਿ | ਤਾ ऽ ਭਾ ऽ | ऽ ਈ ਸੁ ਤ | ਬ ਨਿ ਤਾ ऽ |
| ਸ ਨੁ ਨੁ — | ਸਂ ਸਂ ਸਂ ਗੁਂ | ਰਂ — ਸਂ — | ਨੁ ਧ ਪ — |
| ਤਾ ऽ ਕੈ ऽ | ਰ ਸਿ ਲ ਪ | ਟਾ ऽ ऽ ऽ | ਨਾ ऽ ऽ ऽ |
| ਪ — ਪ ਪ | ਪ ਮ ਗੁ ਮ | ਪ — ਗੁ ਮ | ਗੁ ਰ ਸ — |
| ਜੋ ऽ ਬ ਨੁ | ਧ ਨੁ ਪ੍ਰ ਭ | ਤਾ ऽ ਕੈ ऽ | ਮ ਦ ਮੈ ऽ |
| | | | ਮ |
| ਗੁ ਮ ਪ ਨੁ | ਸ ਸ — ਰ | ਸ ਨੁ ਧ ਪ | ਗੁ ਰ ਸ ਨੁ |
| ਅ ਹਿ ਨਿ ਸਿ | ਰ ਹੈ ऽ ਦਿ | ਵਾ ऽ ऽ ऽ | ਨਾ ऽ ਸਾ ਧੋ |

—ਸ਼ਬਦ ਦੀਆਂ ਬਾਕੀ ਦੋਵੇਂ ਤੁਕਾਂ ਅੰਤਰੇ ਤੇ ਲਾਓ ।

## ੧. ਰਾਗ ਧਨਾਸਰੀ ਤਿੰਨਤਾਲ (ਮੱਧਯ ਲਯ)

ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ ॥ ਰਹਾਉ ॥
ਵਡੇ ਭਾਗਿ ਭੇਟ ਗੁਰਦੇਵਾ ॥ ਕੋਟਿ ਪਰਾਧ ਮਿਟੇ ਹਰਿ ਸੇਵਾ ॥੧॥
ਚਰਨ ਕਮਲ ਜਾ ਕਾ ਮਨੁ ਰਾਪੈ ॥ ਸੋਗ ਅਗਨਿ ਤਿਸੁ ਜਨ ਨ ਬਿਆਪੈ ॥੨॥
ਸਾਗਰੁ ਤਰਿਆ ਸਾਧੂ ਸੰਗੇ ॥ ਨਿਰਭਉ ਨਾਮੁ ਜਪਹੁ ਹਰਿ ਰੰਗੇ ॥੩॥
ਪਰਧਨ ਦੋਖ ਕਿਛੁ ਪਾਪ ਨ ਫੇੜੇ ॥ ਜਮ ਜੰਦਾਰ ਨ ਆਵੈ ਨੇੜੇ ॥੪॥
ਤ੍ਰਿਸਨਾ ਅਗਨਿ ਪ੍ਰਭ ਆਪਿ ਬੁਝਾਈ ॥ ਨਾਨਕ ਉਧਰ ਪ੍ਰਭ ਸਰਣਾਈ ॥੫॥

(ਧਨਾਸਰੀ ਮਹਲਾ ੫, ਪੰਨਾ ੬੮੩)

**ਅਰਥ :** (ਹੇ ਭਾਈ ! ) ਹਰੀ ਨੂੰ ਨਮਸਕਾਰ ਹੈ (ਉਸ) ਪ੍ਰਿਥਵੀ ਦੇ ਪਾਲਕ (ਹਰੀ) ਰਾਜ ਦੇ ਗਣ ਗਾਵੋ । ਰਹਾਉ ।

(ਹੇ ਭਾਈ ! ) ਵੱਡੇ ਭਾਗਾਂ ਨਾਲ ਪ੍ਰਕਾਸ਼ ਰੂਪ ਗੁਰੂ ਮਿਲੇ (ਅਤੇ ਉਸ) ਹਰੀ ਦੀ ਸੇਵਾ (ਕਰਨ ਨਾਲ) ਕਰੋੜਾਂ ਅਪਰਾਧ ਮਿਟ ਗਏ । ੧ ।

(ਹੇ ਭਾਈ ! ) ਜਿਸ (ਮਨੁੱਖ) ਦਾ ਮਨ (ਹਰੀ ਦੇ) ਚਰਨ ਕਮਲਾਂ ਨਾਲ ਰੰਗਿਆ ਜਾਂਦਾ ਹੈ, ਉਸ ਨੂੰ (ਕੋਈ) ਚਿੰਤਾ ਦੀ ਅੱਗ ਨਹੀਂ ਲਗ ਸਕਦੀ ੨ ।

(ਹੇ ਭਾਈ ! ) ਸਾਧ (ਗੁਰੂ ਦਾ) ਸੰਗ ਕਰਕੇ (ਸੰਸਾਰ ਸਾਗਰ ਤੋਂ) ਤਰਿਆ ਜਾ ਸਕਦਾ ਹੈ । (ਇਸ ਲਈ ਉਸ) ਨਿਰਭਉ (ਹਰੀ ਦਾ) ਨਾਮ ਪ੍ਰੇਮ ਨਾਲ ਜਪਿਆ ਕਰ । ੩।

(ਹੇ ਭਾਈ! ਨਾਮ ਜਪਣ ਕਰਕੇ) ਪਰਾਏ ਧਨ ਦਾ ਦੋਸ਼ (ਅਤੇ ਹੋਰ) ਕੋਈ ਪਾਪ (ਕਰਮ) ਜੀਵ ਤੋਂ ਨਹੀਂ ਹੁੰਦਾ । (ਇਸ ਲਈ) ਅਵੈੜਾ ਜਮ (ਉਸਦੇ) ਨੇੜੇ ਨਹੀਂ ਆਉਂਦਾ । ੪।

ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ ਗੁਣ ਗਾਉਣ ਵਾਲੇ ਮਨੁਖਾਂ ਦੀ) ਤ੍ਰਿਸ਼ਨਾ ਰੂਪੀ ਅੱਗ ਪ੍ਰਭੂ ਨੇ ਬੁਝਾ ਦਿਤੀ ਹੈ (ਅਤੇ ਉਹ) ਪ੍ਰਭੂ ਦੀ ਸ਼ਰਨ (ਪੈ ਕੇ ਦੁੱਖਾਂ ਤੋਂ) ਬਚ ਗਏ ਹਨ ॥ ੫ । ੧ । ੫੫ ।

## ੨. ਰਾਗ ਧਨਾਸਰੀ, ਤਿੰਨ ਤਾਲ (ਮੱਧਯ ਲਯ)

ਸਾਧੋ ਇਹੁ ਜਗ ਭਰਮ ਭੁਲਾਨਾ ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥੧॥ ਰਹਾਉ ॥
ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੇ ਰਸਿ ਲਪਟਾਨਾ ॥
ਜੋਬਨੁ ਧਨ ਪ੍ਰਭ ਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ ।੧॥
ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਮਨੁ ਨਾ ਲਗਾਨਾ ॥
ਜਨ ਨਾਨਕ ਕੋਟਨ ਮੈ ਕਿਨਹੂ ਗੁਰਮੁਖਿ ਹੋਇ ਪਛਾਨਾ ।੨।

(ਧਨਾਸਰੀ ਮਹਲਾ ੯, ਪੰਨਾ ੬੮੪-੮੫)

**ਅਰਥ :** ਹੇ ਸਾਧੂ (ਜਨੋ ! ) ਇਹ ਜਗਤ ਭਰਮ ਵਿਚ ਭੁਲਾਇਆ ਹੋਇਆ ਹੈ (ਕਿਉਂਕਿ ਇਸ ਨੇ) ਰਾਮ ਨਾਮ ਦਾ ਸਿਮਰਨ ਛੱਡ ਦਿਤਾ ਹੈ (ਅਤੇ) ਮਾਇਆ ਦੇ ਹੱਥਾਂ ਵਿਚ ਵਿਕ ਗਿਆ ਹੈ ੧ ਰਹਾਉ ।

(ਹੇ ਸੰਤ ਜਨੋ ! ਇਹ ਜਗਤ) ਮਾਂ, ਪਿਉ, ਭਰਾ, ਪੁੱਤਰ, ਇਸਤ੍ਰੀ (ਜੋਬਨ ਆਦਿਕ) ਉਨ੍ਹਾਂ ਦੇ ਮੋਹ ਵਿਚ ਫਸਿਆ ਪਿਆ ਹੈ । ਜੁਆਨੀ,ਦੌਲਤ ਪ੍ਰਸਿਧੀ ਦੇ ਨਸ਼ੇ ਵਿਚ ਦਿਨ ਰਾਤ ਪਾਗਲ (ਝੱਲਾ ਹੋਇਆ) ਰਹਿੰਦਾ ਹੈ ।੧।

(ਹੇ ਸੰਤ ਜਨੋ ! ਪਰਮਾਤਮਾ ਜੋ) ਸਦਾ ਦੀਨਾਂ ਉਤੇ ਦਇਆ ਕਰਨ ਵਾਲਾ, ਦੁੱਖਾਂ ਨੂੰ ਨਾਸ਼ ਕਰਨ ਵਾਲਾ ਹੈ ਉਸ ਨਾਲ (ਇਸ ਜਗਤ ਜੀਵ ਨੇ ਆਪਣਾ) ਮਨ ਨਹੀਂ ਜੋੜਿਆ । ਦਾਸ ਨਾਨਕ (ਆਖਦਾ ਹੈ ਕਿ) ਕਰੋੜਾਂ ਵਿਚੋਂ ਕਿਸੇ (ਵਿਰਲੇ ਮਨੁਖ) ਨੇ ਗੁਰੂ ਅਨੁਸਾਰੀ ਹੋ ਕੇ (ਹਰੀ ਨੂੰ) ਪਛਾਣਿਆ ਹੈ ।੨। ੨